ਏਕਾ ਸੀਤਾ ਜੁਧ

ਨਰ ਸਿੰਘ ਤੈਰਸਰ


9247 G

ਸਭ ਹੱਕ ਰਾਖਵੇਂ ਹਨ ਬਿਨਾ ਸਾਡੇ ਦਸਖਤ ਮਾਲ ਚੋਰੀ ਦਾ ਹੋਵੇਗਾ

ਵੱਡਾ

# ਜੰਗ ਯੂਰਪ

ਕ੍ਰਿਤਕਵੀ-ਨੰਦ ਸਿੰਘ ਹੌਲਦਾਰ



ਪ੍ਰਕਾਸ਼ਕ
ਕਵੀਸ਼ਰ ਗੁਰਦਿਤ ਸਿੰਘ ਗਜਨ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵਾਲੇ ਘੰਟਾਘਰ
ਦੇ ਪਾਸ ਸ਼ਹਿਰ ਲੁਦੇਹਾਨਾ(ਪੰਜਾਬ)

ਸਤੰਬਰ ੧੯੩੪

ਦੂਜੀ ਵਾਰ ੧੦੦੦ ਕੀਮਤ [illegible] ਡਾਕ ਖਰਚ ਵਖਰਾ

ਕਨੂੰਨੀ ਪ੍ਰਬੰਧ ਅਨੁਸਾਰ ਇਸ ਜੰਗ ਯੂਰਪ ਦੇ ਕਰਤਾ ਪਾਸੋਂ
ਹੱਕ ਤਸਨੀਫ ਲੀਤਾ ਗਿਆ ਹੈ। ਬਿਨਾ ਸਾਡੇ ਦਸਖਤ ਮਾਲ ਚੋਰੀਦਾ ਹੋਵੇਗਾ।

## ਵੱਡਾ

7247

# ਜੰਗ ਯੂਰਪ

### ਸੰਨ ੧੯੧੪ ਅਤੇ ੧੯੧੯ ਈਸਵੀ

ਕ੍ਰਿਤ ਕਵਿ

## ਨੰਦ ਸਿੰਘ ਹੌਲਦਾਰ

ਕੰਪਨੀ ਦੂਜੀ, ਪਲਟਨ ਮਲਾਯਾ ਸਟੇਟ ਤੈਪਿੰਗ ਦੇਸ ਮਲਾਯਾ
(ਹੁਣ ਅਦਨ) ੭ ਜੂਨ ੧੯੧੯ ਈਸਵੀ

ਜਿਸਨੂੰ, ਕਵੀਸ਼ਰ

## ਗੁਰਦਿਤ ਸਿੰਘ ਗਜਨ ਸਿੰਘ

ਪੁਸਤਕਾਂ ਛਾਪਨ ਤੇ ਵੇਚਨ ਵਾਲੇ ਘੰਟਾਘਰ ਦੇ ਪਾਸ
ਸ਼ਹਿਰ ਲੁਦੇਹਾਣਾ (ਪੰਜਾਬ) ਨੇ ਛਪਵਾਯਾ
ਅਗਸਤ ੧੯੩੪

ਦਸਖਤ—

ਦੂਜੀ ਵਾਰ ੧੦੦੦
ਫੀਕਾਪੀ ਮੁਲ ॥-) ਨੌ ਆ
ਡਾਕ ਖਰਚ ਵੱਖਰਾ

( ਸੁਦਾਰ ਬੁਧ ਸਿੰਘ ਜੀਦੇ )
ਸ੍ਰੀ ਗੁਰਮਤ ਪ੍ਰੈਸ ਅਮ੍ਰਿਤਸਰ ਵਿਚ ਛਪਿਆ।
ਪ੍ਰਿੰਟਰ—ਗਜਾਨੀ ਮਹਿੰਦਰ ਸਿੰਘ 'ਰਤਨ'

ੴ ਸਤਿਗੁਰਪ੍ਰਸਾਦਿ ॥

# ਅਥ ਕਿੱਸਾ ਜੰਗ ਯੂਰਪ

ਕ੍ਰਿਤ

ਕਵੀ ਨੰਦ ਸਿੰਘ ਹੌਲਦਾਰ ਮਲਾਯਾ ਸਟੇਟ ਗਾਇਡਸ ਤੈਪਿੰਗ।

## ਦੋਹਿਰਾ

ਬਿਘਨ ਹਰਨ ਮੰਗਲ ਕਰਨ, ਅਘ ਨਾਸਕ ਪਦ ਬੰਦ।
ਅੰਧ ਧੁੰਦ ਰਮ ਕਾਲ ਤੈ, ਪਾਪੀ ਜਨ ਬਖਸ਼ੰਦ ॥ ੧ ॥
ਦੀਨ ਦਿਆਲ ਅਕਾਲ ਪ੍ਰਭ, ਰੱਛਕ ਬਾਲ ਗੁਪਾਲ।
ਮੈਂ ਮੂਰਖ ਸ਼ਰਣਾਗਤੀ ਤੂੰ ਸਭ ਦਾ ਪ੍ਰਤਿਪਾਲ ॥ ੨ ॥

## ਬੈਂਤ

ਆਦ ਅੰਤ ਅਰ ਮੱਧ ਪ੍ਰਕਾਸ਼ ਤੇਰਾ ਜੱਲ ਥੱਲ ਅਕਾਸ਼ ਵਿਸਥਾਰ ਸੁਆਮੀ।
ਨੰਗੇਭੁਖਿਆਂ ਪੰਛੀਆਂ ਜੀਵਜੰਤਾਂ ਏਨ੍ਹਾਂ ਸਾਰਿਆਂ ਦਾ ਪ੍ਰਤਿਪਾਲ ਸੁਆਮੀ।
ਮਾਲੀਬਾਗਦਾਹੋਗਿਆ ਆਪਮਾਲੀ ਸੁੰਦ੍ਰ ਚਮਨਦੀਅਹੋਗੁਲਜ਼ਾਰ ਸੁਆਮੀ।
ਫੁੱਲ ਫੁੱਲ ਦੇ ਵਿਚ ਖੁਸ਼ਬੂ ਤੇਰੀ ਫੁੱਲ ਫੁੱਲ ਦਾ ਹੀ ਫੁੱਲ ਖਾਰ ਸੁਆਮੀ।
ਆਪੇਬ੍ਰਿਧ ਜੁਵਾਨਤੇ ਉਮਰ ਬਾਲਾ ਆਪੇ ਸਭਦਾ ਦਾਤਾਦਾਤਾਰ ਸੁਆਮੀ।
ਆਪੇ ਰਾਜ ਕੰਗਾਲ ਤੇ ਰੰਕਬਣਿਆਂ ਮੇਰੇਵਾਹਿਗੁਰੂ ਸਚੀਸ੍ਰਕਾਰ ਸੁਆਮੀ।
ਜਗਾਜਗਾ ਹੋਰਹੀਹੈ ਨ੍ਰਿਤਕਾਰੀ ਕਾਹਨ ਗੋਪੀਆਂ ਕ੍ਰਿਸ਼ਨ ਮੁਰਾਰ ਸੁਆਮੀ।
ਪੂਜਾ ਪਾਠ ਨਵਾਜਹੋਰਹੀ ਤੇਰੀ ਮਾਲਕਸਾਰਿਆਂਦਾ ਪ੍ਰਵਦਗਾਰ ਸੁਆਮੀ।
ਬਣਿਆਂ ਏਸ ਜਹਾਨ ਤੇ ਸੈਹਰ ਮੇਲਾ ਰੰਗ ਸੋਹਣੇ ਕਈ ਪ੍ਰਕਾਰ ਸੁਆਮੀ।
... ਜਾਣਦਾ ਤੇਰੀਆਂ ਕੁਦਰਤਾਂ ਨੂੰ ਮੇਰੇ ਮਾਲਕਾ ਏਕ ਅਕਾਰ ਸੁਆਮੀ।
...ਮਾਨ ਤੇ ਹਿੰਦੂਆਂਵਿਚ ਰਮਿਆਂ ਆਪੇਖਾਲਸਾ ਪੰਜਕਕਾਰ ਸੁਆਮੀ।
...ਮ੍ਰਿਤਿ ਪੁਰਾਨ ਕੁਰਾਨਬਕਤਾ ਖਟ ਸ਼ਾਸਤ੍ਰਾਂ ਬੇਦਭੀ ਚਾਰ ਸੁਆਮੀ।
...ਨੇ ਆਪ ਜੀਵਾਨਵਾਲਾ ਦਿੰਦਾ ਡੋਬਤੇ ਲਾਉਂਦਾਪਾਰ ਸੁਆਮੀ।
...ਾਤਮਾ ਸੱਤ ਬਸਤੂ ਤੇਰੇ ਨਾਮ ਦਾ ਮੈਨੂੰ ਅਧਾਰ ਸੁਆਮੀ।
...ੇਤੂੰਹੀ ਭੋਗੀਆਂ ਮੇ ਰੋਗੀ ਸੋਗੀਆਂ ਦਾ ਦਾਤਾਰ ਸੁਆਮੀ।
...ੀਆਂ ਚਾਰ ਅੰਦ੍ਰ ਚਾਰ ਜੁਗਦਾਹੀ ਪ੍ਰਤਿਪਾਰ ਸੁਆਮੀ।

ਮਿੱਟੀ ਅੱਗ ਅਕਾਸ਼ ਤੇ ਪੌਣਪਾਣੀ ਪੰਜਤੱਤ ਦਾ ਤੂੰਹੀ ਵਿਸਥਾਰ ਸੁਆਮੀ।
ਕਿਤੇ ਹੱਸਨਾਏ ਕਿਤੇ ਰੋਵਨਾਏ ਕਿਤੇ ਦੇਖਦਾ ਮੌਜ ਬਹਾਰ ਸੁਆਮੀ।
ਤੂੰਹੀ ਬੇਰਖਾਧੇ ਪਜਾਰੀਭੀਲਣੀਦੇ ਸਾਗ ਬਿਦਰਦਾਕੀਤਾਅਹਾਰ ਸੁਆਮੀ।
ਗਨਕਾ ਤਾਰੀ ਤੇ ਲਾਜ ਦ੍ਰੋਪਤੀ ਦੀ ਨਿਮਸ਼ਕਾਰ ਮੇਰੀਬਾਰੋਬਾਰ ਸੁਆਮੀ।
ਰਖੋ ਲਾਜ ਮੇਰੀ ਤੇਰਾ ਮੰਗਤਾ ਮੈਂ ਅੱਗੇ ਰਜ ਗਏ ਕਈ ਹਜ਼ਾਰ ਸੁਆਮੀ।
ਬੱਸ ਰਿਹਾ ਨਾ ਹੋਰਬੇ ਜਾਣ ਜੋਗਾ ਬੁਧੀ ਬਖਸ਼ਨੀ ਬੇ ਸ਼ੁਮਾਰ ਸੁਆਮੀ।
ਕਵੀ ਮੰਗਦੇ ਭਿੱਛਿਆ ਦੇਵੀਆਂ ਤੋਂ ਮੇਰੀ ਕਲਮ ਤੇਰੇ ਦਰਬਾਰ ਸੁਆਮੀ।
ਕੇਈ ਸ਼ਿਵਾਂ ਗਨੇਸ਼ ਦੀ ਕਰਨ ਸੇਵਾ ਅਤੇ ਮੇਰਾ ਗਨੇਸ਼ ਕ੍ਰਤਾਰ ਸੁਆਮੀ।
ਨੰਦ ਸਿੰਘ ਨੂੰ ਓਟ ਪ੍ਰਮਾਤਮਾਂ ਦੀ ਕਰੋ ਏਸ ਜਹਾਨ ਤੋਂ ਪਾਰ ਸੁਆਮੀ।

## ਗੁਰਾਂ ਅਗੇ ਬੇਨਤੀ

ਨਾਨਕਦੇਵ ਜੀ ਗੁਰੂ ਜਗੱਤ ਵਾਲੀ ਤੇਰੇ ਚਰਨਾਂ ਦੇ ਵਿਚ ਨਵਾਸ ਕੀਤਾ।
ਜੈਸੇ ਤਾਰਿਆ ਪਿਛਲੀਆਂ ਸੰਗਤਾਂ ਨੂੰ ਅੰਧ ਧੁੰਦ ਦੇ ਵਿਚ ਪ੍ਰਕਾਸ਼ ਕੀਤਾ।
ਚਾਰ ਬਰਨ ਆਸ਼੍ਰਮਾ ਦੀਲਾਜਰੱਖੀ ਪਾਪ ਜ਼ੁਲਮ ਕੁਮੱਤੀ ਦਾ ਨਾਸ ਕੀਤਾ।
ਭਾਰਥ ਛੱਡਕੇ ਚੀਨਮਚੀਨਤਾਰੀ ਭਗਤੀਭਾਵ ਦਾ ਬੈਠ ਅਭਿਆਸ ਕੀਤਾ।
ਜਗਨਨਾਥ ਗੁਦਾਵਰੀ ਆਦ ਲੈਕੇ ਸਭੇ ਤੀਰਥਾਂ ਦੇ ਉਤੇ ਬਾਸ ਕੀਤਾ।
ਦੁਨੀਆਂ ਮੋਈਨੂੰ ਫੇਰ ਸੁਜੀਤ ਕਰਕੇ ਅਤੇ ਪਾਪੀਆਂ ਮਾਰ ਬਨਾਸ ਕੀਤਾ।
ਮੈਨੂੰ ਰੱਖ ਬਾਬਾ ਕਾਲੀਧਾਰ ਵਿਚੋਂ ਛੰਦਰਚਨਦਾ ਨਹੀਂ ਮੈਂ ਪਾਸ ਕੀਤਾ॥

## ਤਥਾ

ਦਸਵੇਂ ਪਿਤਾ ਗੋਬਿੰਦਸਿੰਘ ਗੁਰੂ ਜੋਧੇ ਫੌਜਾਂਵਾਲਿਆ ਬੇਨਤੀਕਰਨ ਲੱਗਾ।
ਬੀਰ ਸੂਰਮੇਂ ਹੋਜੁਗ ਚਾਰ ਅੰਦਰ ਤੇਰੇ ਚਰਨਾ ਤੇ ਸੀਸ ਨੂੰ ਧਰਨ ਲਗਾ।
ਪੰਥ ਖਾਲਸੇ ਦਾ ਬਾਨੀ ਕਾਰ ਤੂਹੀਏਂ ਤੇਰੇ ਦਾਸ ਨਮਾਣਾ ਹੋਚਰਨ ਲੱਗਾ
ਦਿੱਤੇ ਬਾਜ਼ਤੁੜਾਇਤੰ ਚਿੜੀਕੋਲੋਂ ਗਿੱਦੜ ਸ਼ੇਰਵਾਲੀ ਹਾਮੀ ਭਰਨਲੱ
ਸਭੇ ਸ਼ਕਤੀਆਂ ਹੈ ਤੇਰੇ ਜੋਸ਼ ਅੰਦ੍ ਤੇਰੇ ਬਾਝ ਪਾਪੀ ਬੰਦਾ ਮਰਨ
ਦਾਨ ਮੰਗਦਾ ਸੰਗਦਾ ਮੂਲ ਨਾਹੀਂ ਤੇਰੀ ਓਟ ਲੈਕੇ ਬੇੜੀ ਤਰਾ
ਮੱਦਦ ਆਪਦੀ ਕਲਮ ਉਠਾਉਂਦਾਹਾਂ ਮੁਢੋਂਏਸਕਤਾਬ ਨੂੰ ਣ
ਛੰਦ ਜੋੜਨੇਂ ਦਾ ਕੋਈ ਢੰਗ ਨਾਂਹੀ ਡਰਦਾ ਵਾਂਗ ਪਤਾਸਿ
ਅੰਗਸੰਗ ਗਰੀਬਦੇ ਰਹੋ ਸੁਆਮੀ ਨੰਦਸਿੰਘ ਕੁਛ ਅਾ

## ਮੇਰੇ ਵਿਦਿਆ ਗੁਰੂ

ਹੈਨ ਵਿਦਿਆ ਗੁਰੂ ਮਸ਼ਹੂਰ ਮੇਰੇ ਆਠੋਂਯਾਮ ਹੀ ਰਾਮ ਉਚਾਰਦੇ ਹਨ।
ਤੱਪਾ ਪਿੰਡ ਬਰਨਾਲੇ ਦੇ ਪਾਸ ਜੇੜ੍ਹਾ ਤਾਬੇਦਾਰ ਪਟਿਆਲਾਸ੍ਰਕਾਰਦੇਹਨ।
ਰੋਡਾਸਿੰਘ ਮਹਾਤਮਾਂ ਨਾਮ ਧਰਿਆ ਪੁਤਰ ਲੈਕ ਚੰਗੇ ਜ਼ਿਮੀਦਾਰਦੇ ਹਨ।
ਨਿੱਤ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਾਂਈਲੋਕਫਕੀਰਕ੍ਰਤਾਰਦੇ ਹਨ।
ਸਿਰੋਮਣੀ ਕਵੀਸ਼ਰਾਂ ਵਿਚ ਸਾਰੇ ਊਚ ਨੀਚ ਦੇ ਬੋਲ ਸਹਾਰਦੇ ਹਨ।
ਅੱਜ ਕੱਲ ਦੇ ਕਵੀ ਕਮੌਣ ਪੈਸਾ ਏਸ ਗੱਲ ਤੇ ਧਾਰ ਨਾ ਮਾਰਦੇ ਹਨ।
ਛੋਟੇਹੁੰਦਿਆਂ ਕੁਸਤੀਆਂ ਰਹੇ ਕਰਦੇ ਅਜ ਕਵੀ ਪੰਜਾਬ ਦੀ ਡਾਰਦੇ ਹਨ।
ਚੇਹਰੇ ਖਿੜੇ ਗੁਲਾਬ ਦੇ ਫੁੱਲ ਜੈਸੇ ਸੱਚੇ ਪੂਤਲੇ ਪ੍ਰਉਪਕਾਰਦੇ ਹਨ।
ਬ੍ਰਹਮ ਗਜਾਨੀਆਂ ਵਾਂਗ ਦਲੀਲ ਸਿੱਧੀ ਮੂਹੋਂਬੋਲਦੇਨਹੀਂਹੰਕਾਰਦੇ ਹਨ।
ਮੇਰੇ ਜੇਹੇ ਗਰੀਬਾਂ ਤੇ ਕਰਨ ਕ੍ਰਿਪਾ ਮੰਗਣ ਗਿਆਂ ਨੂੰ ਖੈਰਗੁਜ਼ਾਰਦੇ ਹਨ।
ਚਰਨ ਫੜੇ ਮੈਂ ਜਦੋਂ ਮਹਾਤਮਾਂ ਦੇ ਤਦੋਂ ਕੰਮ ਗਰੀਬ ਦੇ ਸਾਰਦੇ ਹਨ।
ਆਏ ਛੰਦ ਬਣੌਣ ਦੇ ਢੰਗ ਮੈਨੂੰ ਜਦੋਂ ਛਟੀ ਪਰੇਮ ਦੀ ਮਾਰਦੇ ਹਨ।
ਐਪਰਮਾੜੀ ਤਕਦੀਰ ਕੰਬਖਤ ਮੇਹੀ ਲੰਬੇਪਏਵਿਛੋੜੇ ਦਿਲਦਾਰਦੇ ਹਨ।
ਥੋੜਾ ਵਕਤਹੀ ਰਿਹਾਮੈਂ ਪਾਸਓਨ੍ਹਾਂ ਭਾਣੇਵਾਹਿਗੁਰੂ ਪਰਵਦਗਾਰ ਦੇ ਹਨ।

## ਕੈਹਣਾ ਦੋਸਤਾਂ ਦਾ

ਮੈਨੂੰਆਖਿਆ ਮੇਰਿਆਂ ਦੋਸਤਾਂਨੇ ਕਰਨਾ ਜੰਗਦਾ ਕੁਝ ਬਿਆਨ ਚਾਹੀਏ।
ਦਾਤਵਾਹਿਗੁਰੂਦੀ ਜਮਾ ਪਾਸ ਤੇਰੇ ਏਥੇ ਖੋਹਲਣਾਮਗਜ਼ ਦੁਕਾਨ ਚਾਹੀਏ।
ਜਿਵੇਂ ਕੌਲਾਂ ਤੇ ਹੋਰ ਛਪਾਏ ਕਿੱਸੇ ਮਿੱਠੀ ਚਾਲਦਾ ਢੰਗਬਨਾਨ ਚਾਹੀਏ।
ਲੱਗੇ ਦੇਣ ਦਲੇਰੀਆਂ ਬਹੁਤ ਮੈਨੂੰ ਹੋਣਾ ਵਿਚ ਪੰਜਾਬੀ ਜੁਬਾਨ ਚਾਹੀਏ।
ਾਲ ਕੋਰੜੇ ਦੀ ਸਿੱਧੀ ਬੈਂਤ ਅੰਦਰ ਮੁੰਡੇ ਚੋਬਰਾਂ ਚਿੱਤ ਪ੍ਰਚਾਨ ਚਾਹੀਏ।
ਦੋਹਿਰੇਚਟਕ ਕਬਿੱਤ ਹੋਵਣ ਛਾਪੇ ਟਾਇਪਦੇ ਵਿਚ ਛਪਾਨ ਚਾਹੀਏ।
ੈਬ ਨਾਂ ਕਰਨ ਕਵੀਸ਼ਰੀਦਾ ਸਗੋਂ ਮਗਜ਼ਨੂੰ ਹੋਰ ਵਧਾਨ ਚਾਹੀਏ।
ਦਾ ਠੀਕ ਮਾਲੂਮ ਤੈਨੂੰ ਤਕੜਾਹੋ ਨਾਂ ਹੌਸਲਾ ਢਾਹਨ ਚਾਹੀਏ।
ਛਾਹੀ ਕਰੀ ਆਨ ਹਾਜ਼ਰ ਕੈਂਹਦੇਦੱਸਕੀਹੋਰਸਾਮਾਨਚਾਹੀਏ।
ਾਖਿਆ ਦੋਸਤਾਂਦਾ ਭਾਵੇਂ ਆਪਦਾਹੋਣਾਨੁਕਸਾਨ ਚਾਹੀਏ।
ਲਮਦਾ ਜ਼ੋਰਨਾਹੀ ਕਵੀ ਲੋਕ ਹੋਣਾਵਿਦਵਾਨ ਚਾਹੀਏ।

ਪੂਰਾ ਬੋਧ ਨਾਸਜਣੋਂ ਗੁਰਮੁਖੀਦਾ ਪੜ੍ਹਨੇ ਠੀਕਹੀ ਵੇਦਪੁਰਾਨ ਚਾਹੀਏ।
ਨਾਲੇਕੰਮ ਸਰਕਾਰਦਾ ਰਹੇਮੈਨੂੰ ਕਰਨੀ ਸਿਕਸ਼ਨਦੀ ਪੂਰੀਕਮਾਨ ਚਾਹੀਏ।
ਹੌਲਦਾਰਦੀ ਹੁੰਦੀ ਜਵਾਬਦੇਹੀ ਹਰਇਕ ਜੁਆਨਦਾਰਖਣਾ ਮਾਨਚਾਹੀਏ।
ਹੁੱਦੇਦਾਰ ਬੇਸ਼ਕ ਦੋ ਹੈਨ ਮੱਦਦ ਐਪਰ ਮੈਨੂੰ ਭੀ ਰੱਖਣਾ ਧਯਾਨ ਚਾਹੀਏ।
ਕਰਾਂ ਸ਼ਾਇਰੀਕੇ ਕਰਾਂਰਾਜਨੀਤੀ ਕੈਹਣਾ ਦੋਸਤਾਂਦਾ ਮੱਥੇ ਲਾਨ ਚਾਹੀਏ।
ਆਖਰ ਕਾਰ ਉਠਾਯਾ ਲੇਖਣੀ ਨੂੰ ਸਮਝੋ ਵਿੱਚ ਨਾਂ ਮੇਰੇ ਗੁਮਾਨ ਚਾਹੀਏ।
ਹੱਥ ਪਾਲਿਆ ਸ਼ੇਰ ਦੇ ਪਿੰਜਰੇ ਨੂੰ ਐਪਰ ਹੱਥ ਭੀ ਤੀਰ ਕਮਾਨ ਚਾਹੀਏ।
ਔਖਾਸੱਜਣੋ ਘਾਟ ਕਵੀਸ਼ਰੀ ਦਾ ਸੋਚਾਂ ਕਰਦਿਆਂ ਘੜੀ ਬਤਾਨ ਚਾਹੀਏ।
ਫਿਰੇ ਮਗਜ਼ ਭੌਂਦਾਸਦਾਖੋਜਅੰਦਰ ਬੁੱਧੀ ਤੇਜਤੇ ਜਿਗਰਦਾਤਾਨ ਚਾਹੀਏ।
ਨੱਕੇ ਸੂਈ ਦੇ ਲੰਘਣਾਂ ਦਿਨੇਂ ਰਾਤੀ ਜਿਥੇ ਸੱਜਣੋਖੁਲੇ ਮਦਾਨ ਚਾਹੀਏ।
ਪੈਂਤੀਅਖਸ਼ਰਾਂ ਮਾਤ੍ਰਾਂ ਕੁਲਬਾਰਾਂ ਵਿਚਏਨ੍ਹਾਂਦੇ ਕਰਨਾ ਗੁਜਰਾਨ ਚਾਹੀਏ।
ਜੋੜਮੇਲਕੇ ਛੰਦ ਤਿਆਰ ਕਰਨੇ ਅਕਲ ਉਡਣੀ ਵਿਚਅਸਮਾਨ ਚਾਹੀਏ।
ਜਾਂਦੀਹਵਾਦੇ ਨਾਲਮਲਾਪਕਰਨਾ ਰੈਹਣਾ ਦੂਸ਼ਨਾਂਤੋਂ ਸਵਾਧਾਨ ਚਾਹੀਏ।
ਬਾਗ ਲਾਉਣਾਂ ਢੂੰਡਕੇ ਬੂਟਿਆਂ ਨੂੰ ਫੇਰ ਦੋਸਤਾਂ ਵਿਚ ਬੈਠਾਨ ਚਾਹੀਏ।
ਲੋਕ ਢੂੰਡਦੇ ਕਿਸੇਦੇਔਗਣਾਂਨੂੰ ਕਰਨੀ ਗੁਣਾਂ ਦੀ ਸਗੋਂ ਪਛਾਨ ਚਾਹੀਏ।
ਬਖਸ਼ਦੇਣੀਆਂਗਲਤੀਆਂਦਾਨਿਆਂਨੇ ਕਰਨਾਮੇਰੇਤੇਠੀਕਅਹਿਸਾਨਚਾਹੀਏ।
ਭੁਲਾਂ ਕਰਨਦੀ ਪਈਅਦਾਇਮੈਨੂੰ ਪੜਦਾ ਪਾਇਕੇ ਰੱਖਣੀਆਨ ਚਾਹੀਏ।
ਲੈਕੇ ਓਟ ਕਰਤਾਰ ਦੀ ਹੌਲਦਾਰਾ ਲੱਖ ਬਾਰ ਕਰਨਾ ਸ਼ੁਕਰਾਨ ਚਾਹੀਏ।

ਤਥਾ

ਕਵਤਾਕਰਨਵਾਲਾਪਾਣੀਤਰਨਵਾਲਾ ਝੂਠੀਭਰਨਵਾਲਾਗਲਤੀਖਾਬੈਂਹਦਾ।
ਝੂਠੇ ਬੋਲ ਵਾਲਾ ਕਮਤੀ ਤੋਲ ਵਾਲਾ ਕਦੇ ਢੋਲ ਦਾ ਪੋਲ ਕਢਾ ਬੈਂਹਦਾ
ਓਹ ਬਿਮਾਰੀ ਵਾਲਾ ਗੁੰਡਾ ਯਾਰੀ ਵਾਲਾ ਫੌਜਦਾਰੀਵਾਲਾ ਧੋਖਾਖਾਬੈ
ਬਾਤਜਰਨਵਾਲਾ ਐਬੋਂ ਡਰਨਵਾਲਾ ਸੱਚੇ ਪ੍ਰਨਵਾਲਾ ਪਦਵੀ ਪਾ
ਖੋਟੀ ਪ੍ਰੀਤ ਵਾਲਾ ਬਦਨੀਤ ਵਾਲਾ ਭੈੜੀ ਰੀਤ ਵਾਲਾ ਧੱਕੇ ਮ
ਚੰਗੇ ਕਰਮਵਾਲਾਸੋਹਣੀਸ਼ਰਮਵਾਲਾ ਅਤੇ ਧਰਮਵਾਲਾ ਧਰਾ
ਵੱਢੀ ਖਾਣ ਵਾਲਾਰੋਡੀਜਾਣ ਵਾਲਾ ਕਿੱਛੀਆਨਵਾਲਾਸ਼
ਛੋਟੀਅੱਕਣ ਵਾਲਾਬਹੁਤਥਕਣ ਵਾਲਾ ਫੀਮਛਕਣਵਾਨ

ਬਾਝ ਬੰਦਗੀ ਰੱਬ ਦੀ ਹੌਲਦਾਰਾ ਬਿਆਜ ਭਾਲਦਾ ਮੂਲ ਗਵਾ ਬੈਂਹਦਾ।

ਤਥਾ

ਦਿਲੋਂ ਉਠੀ ਦਲੀਲ ਉਛਾਲ ਖਾਕੇ ਕਿੱਸਾ ਜੰਗ ਦਾ ਏਹੁ ਉਚਾਰਦਾ ਮੈਂ।
ਜੈਸਾ ਹਾਲ ਦੇਖਾ ਸੁਣਾ ਸਾਥੀਆਂ ਤੋਂ ਤੈਸਾ ਆਪਦੇ ਪੇਸ਼ ਗੁਜ਼ਾਰਦਾ ਮੈਂ।
ਪੂਰੇ ਹਾਲ ਦੱਸਣ ਤਵਾਰੀਖ ਵਾਲੇ ਬੂੰਦ ਇਕ ਸਮੁੰਦਰੋਂ ਖਾਰਦਾ ਮੈਂ।
ਐਪਰ ਲੇਖਣੀ ਮੇਰੀ ਕਮਜੋਰ ਡਾਢੀ ਬੈਠਾ ਵਿਚ ਮਹਾਤਮਾ ਹਾਰਦਾ ਮੈਂ।
ਏਹ ਤਾਂ ਕੰਮ ਹੁੰਦੇ ਬੁਧੀਵਾਲਿਆਂ ਦੇ ਤਾਬੇਦਾਰ ਹਾਂ ਕੁਲ ਸੰਸਾਰਦਾ ਮੈਂ।
ਛੰਦ ਜੋੜਨੇ ਕੰਮ ਕਵੀਸ਼ਰਾਂ ਦੇ ਐਵੇਂ ਖੇਡ ਪਸਾਰ ਪਸਾਰ ਦਾ ਮੈਂ।
ਬੁਧੀ ਤੇਲੀਆ ਰਹੀ ਨਾਂ ਪਾਸ ਮੇਰੇ ਨਮਦਾ ਹੋਇਕੇ ਵਕਤ ਗੁਜ਼ਾਰਦਾਮੈਂ।
ਪਿੰਗਲਦੇਖਿਆਨਹੀਂ ਯਕੀਨਜਾਣੋ ਦਗਧ ਅਖਸ਼ਰਾਂ ਬਾਝਪੁਕਾਰਦਾ ਮੈਂ।
ਮਿੱਤ੍ਰ ਸ਼ੱਤ੍ਰ ਗਣਾ ਦਾ ਬੋਧ ਨਾਹੀ ਮੇਰੂ ਮਾਤ੍ਰਾਂ ਨਹੀਂ ਵਿਚਾਰਦਾ ਮੈਂ।
ਕਵੀ ਜਨਾਂ ਦੀ ਰੀਸਨਾਂ ਕਰਨਜੋਗਾ ਨਾਲੇ ਨੌਕਰਹਾਂ ਜੰਗੀਸ੍ਰਕਾਰਦਾ ਮੈਂ।
ਏਸੇ ਵਾਸਤੇ ਪੈਗਿਆ ਘੇਰ ਘੁੰਮਣ ਖੋਜੀ ਰਿਹਾ ਨਾ ਮਗਜ਼ ਸ੍ਰਦਾਰਦਾ ਮੈਂ।
ਮੈਨੂੰ ਬਖਸ਼ਣਾ ਕਵੀ ਮਹਾਤਮਾਂ ਨੇ ਬੋਲ ਬੋਲਦਾ ਨਹੀਂ ਹੰਕਾਰਦਾ ਮੈਂ।
ਹਿੰਮਤ ਹਾਰਨੀ ਕੰਮਨਹੀਂ ਆਦਮੀ ਦਾ ਏਸੇ ਵਾਸਤੇ ਹੌਸਲਾ ਧਾਰਦਾ ਮੈਂ।
ਹਾਲ ਜੰਗਦਾ ਜੋੜ ਸੁਣਾਊਂ ਥੋੜਾ ਪੱਲਾ ਪਕੜਕੇਤੇ ਸਿਰਜਣਹਾਰਦਾ ਮੈਂ।
ਜਿਵੇਂ ਛਿੜੇ ਕਲੇਸ਼ ਜਹਾਨ ਅੰਦਰ ਤਿਵੇਂ ਆਪਦੀ ਕਲਮ ਸ਼ਿੰਗਾਰਦਾ ਮੈਂ।
ਮੱਦਦ ਰੱਬ ਦੀ ਤੇ ਫਤੇ ਬੰਦਿਆਂ ਨੂੰ ਤਾਂਹੀ ਬੋਝ ਉਠਾਇਆ ਭਾਰਦਾ ਮੈਂ।
ਬੋਲੀ ਠੇਠ ਪੰਜਾਬੀ ਦੀ ਲਿਖੂੰ ਸਾਰੀ ਨੰਦਸਿੰਘ ਧਨਵਾਦ ਕ੍ਰਤਾਰਦਾ ਮੈਂ।

ਹੋਣੀ ਦਾ ਵਰਤਾਰਾ

ੀ ਆਉਂਦੀਏ ਜਦੋਂ ਕਿਸੇ ਉੱਤੇ ਤਦੋਂ ਹੋਰ ਹੀ ਰੰਗ ਦਖਾ ਜਾਂਦੀ।
ਆਉਂਦੀ ਨਾਲ ਬਹਾਨਿਆਂ ਦੇ ਓਥੇ ਆਪਣੇ ਖੇਹਡਕੇ ਦਾ ਜਾਂਦੀ।
ਕਲ ਨਾ ਰੈਹਣ ਟਕਾਨਿਆਂ ਤੇ ਓਥੇ ਪੱਟੀਆਂ ਹੋਰ ਪੜ੍ਹਾ ਜਾਂਦੀ।
ਾਨ ਕੇ ਗਈ ਸ਼ਕਾਰ ਜਿਥੇ ਓਥੇ ਛੱਡਕੇ ਨਹੀ ਸੁਆਹ ਜਾਂਦੀ।
ਧਾਂ ਨਾਲ ਸਲੂਕ ਚੰਗਾ ਸਕੇ ਭਾਈਆਂ ਵੈਰ ਵਧਾ ਜਾਂਦੀ।
ਆ ਤ ਸਕੀਰੀਆਂ ਨੂੰ ਸਕੇ ਭਾਈਆਂ ਦੇ ਲਹੂ ਨਾਹ ਜਾਂਦੀ।
ਨਾ ਲੁਟਾਈ ਯਾਰੋ ਮੰਦਰ ਸੋਨੇ ਦੇ ਖਾਕ ਰੁਲਾ ਜਾਂਦੀ।

ਅਗੇ ਹੋਣੀ ਦੇ ਪੇਸ਼ ਨਾ ਜਾਉਂਦੀਏ ਬਾਦਸ਼ਾਹਾਂ ਤੇ ਹਥ ਉਠਾ ਜਾਂਦੀ।
ਹੋਣੀ ਚੰਦਰੀ ਹੈ ਕਵੀ ਨੰਦ ਸਿੰਘਾ ਅਕਲ ਹੋਸ਼ ਨੂੰ ਤੁਰਤ ਉਡਾ ਜਾਂਦੀ।

ਤਥਾ

ਹੋਣੀ ਬੀਤਗਈ ਅੰਬੀਆਂ ਔਲੀਆਂ ਤੇ ਜਾਂਦੀਵਰਤਕੇਸੀਏਲੀਵਾਨਉਤੇ।
ਝੁਗੇ ਪੁਟਕੇ ਚੌੜ ਚੁਪੱਟ ਕਰਦੀ ਪੈਹਲੇ ਬੀਤ ਚੁਕੀ ਹਿੰਦੁਸਤਾਨ ਉਤੇ।
ਸ਼ਮਸ਼ਤ੍ਰੇਜ ਮਨਸੂਰਤੇ ਪਈਹੋਣੀ ਵਰਤ ਚੁਕੀ ਅਨਲਹੱਕਦੀ ਜਾਨ ਉਤੇ।
ਦੇਖੋ ਹਸਨ ਹੁਸੈਨਦਾ ਨਾਸ ਕੀਤਾ ਅਲੀਬਲੀ ਦੇ ਆਈ ਨੁਕਸਾਨ ਉਤੇ।
ਬਰਮਾਂ ਬਿਸ਼ਨੂੰਸ਼ਿਵਾਂਤੇ ਪਈਹੋਣੀ ਗਈ ਵਰਤਕੇ ਕ੍ਰਿਸ਼ਨ ਭਗਵਾਨ ਉਤੇ।
ਰਾਮ ਚੰਦ ਲਛਮਣ ਸੀਤਾ ਸੀਲਵੰਤੀ ਹੋਣੀ ਖੇਹਡਦੀ ਬ੍ਰਿਧ ਜੁਵਾਨ ਉਤੇ।
ਜਸਰਥ ਸੁਟਿਆਮਹਿਲ ਅਟਾਰੀਆਂ ਤੋਂ ਕੀਤੇਹੋਣੀ ਨੇ ਕੰਮ ਬੈਰਾਨ ਉਤੇ।
ਦੇਖੋ ਚਾ ਖਲੀਲਦਾ ਨਾਸ ਕੀਤਾ ਆਰੀ ਜ਼ਿਕਰੀਏ ਦੀ ਫਿਰੀ ਜਾਨ ਉਤੇ।
ਪਜਾਰੇ ਭਗਤ ਪ੍ਰਹਿਲਾਦ ਤੇ ਭਗਤ ਪੂਰਨ ਜੇੜ੍ਹੇ ਚਲਦੇਬੇਦਪੁਰਾਨ ਉਤੇ।
ਸੁਲੇਮਾਨ ਤੇ ਯੂਸਫਾਂ ਨਾਲ ਬੀਤੀ ਕਾਣੀ ਕੌਡੀਏਂ ਵਿਕੇ ਦੁਕਾਨ ਉਤੇ।
ਜੈਮਲ ਫਤੇ ਨੂੰ ਗੜ੍ਹ ਚਤੌੜ ਅੰਦਰ ਹੋਣੀ ਘੇਰਿਆ ਏਸ ਜਹਾਨ ਉਤੇ।
ਦੁਲੇ ਰਾਠਨੂੰ ਮਾਰਿਆ ਬੰਦ ਕਰਕੇ ਜਿਊਨੇ ਮੌੜਦੇ ਆਈ ਗੁਮਾਨ ਉਤੇ।
ਰਾਂਝਾ ਹੀਰ ਤੇ ਸੋਹਣੀ ਵਾਲ ਮੇਹੀ ਹੋਣੀ ਵਰਤ ਗਈ ਸੈਹਬਾਂਰਕਾਨਉਤੇ।
ਸੱਸੀ ਮਰੀ ਤਿਹਾਈ ਬਲੋਚ ਪਿਛੇ ਵਰਤੀ ਮਿਰਜੇ ਦੇ ਤੀਰ ਕਮਾਨ ਉਤੇ।
ਯੂਰਪ ਦੇਸ ਉਤੇ ਹੋਣੀ ਆਣ ਬੀਤੀ ਨ੍ਹੇਰਛਾਗਿਆ ਲੋਕੋ ਅਸਮਾਨ ਉਤੇ।
ਹੋਣੀ ਟਲੇ ਨਾਂ ਕਿਸੇ ਤੋਂ ਨੰਦ ਸਿੰਘਾ ਅਜ ਖੇਡਦੀ ਜੰਗ ਮਦਾਨ ਉਤੇ।

ਲੜਾਈ ਛਿੜਨੇ ਦਾ ਕਾਰਨ

ਯੂਰਪਦੇਸ ਅੰਦਰਛੋਟੀ ਬਾਦਸ਼ਾਹੀ ਨਾਮ ਸਰਵੀਆ ਓਹ ਸਦਾਉਂਦਾ ਏ
ਇਕ ਅਸਟਰੀ ਹੰਗਰੀ ਦਾਰ ਹਿੱਸੇ ਬੀਰ ਲੱਖ ਦੀ ਫੌਜ ਕਹਾਉਂਦਾ
ਵਾਰਸ ਤਖਤ ਦਾ ਸੀ ਇੱਕ ਅਸਟ੍ਰੀ ਦੇ ਸਾਰੀਦੁਨੀਨੂੰ ਮਾਮਲੇਪਾਏ
ਕੋਈ ਜੰਮ ਦਾ ਐਸਾ ਨਸੀਬਵਾਲਾ ਸੋਨਾਂ ਮਿਟੀਓਂ ਤੁਰਤ ਬਣਾ
ਕੋਈਜੰਮਕੇਕੁਲਾਂਦੇ ਨਾਸਕਰਦਾ ਭਾਣੇਵਾਹਿਗੁਰੂ ਪਿਆ ਵਰ
ਅਠਾਈ ਜੂਨਸੰਨ ਉਨੀਸੌਪੱਕ ਚੌਦਾਂਭੈੜਾ ਵਕਤ ਜਹਾਨ
ਸਜਾਦਾ ਕਤਲ ਹੋਯਾ ਹਥੋਂ ਸਰਵੀਏਦੇ ਲਿਖੀਲੇਖਦੀ

ਚੋਹ ਚੜ੍ਹਗਈ ਅਸਟਰੀ ਹੰਗਰੀ ਨੂੰ ਐਸਾ ਕੌਣ ਜੋ ਅਗ ਬੁਝਾਉਂਦਾ ਸੀ।
ਸੂਪ ਨਖਾਂ ਦਾ ਨੱਕ ਜੇ ਕੱਟ ਦੇ ਨਾ ਕਾਹਨੂੰ ਸੀਤਾ ਨੂੰ ਰੋਣ ਚਰਾਉਂਦਾ ਸੀ
ਰਾਵਣ ਲੈਂਦਾਜੇ ਕੰਮ ਵਿਚਾਰਕੇਲੋ ਕਾਹਨੂੰ ਕੁਲਾਂਦੇਨਾਸ ਕਰਵਾਉਂਦਾ ਸੀ।
ਐਪਰਕੌਣ ਮੋੜੇ ਧੁਰੋਂ ਲਿਖੀਆਂਨੂੰ ਬੰਦਾ ਪਿਆ ਦਲੀਲ ਦੁੜਾਉਂਦਾ ਸੀ।
ਇਰਾਦਾਜੰਗਦਾਧਾਰਿਆਅਸਟ੍ਰੀਨੇ ਵਿਚੋਂ ਪਿਆ ਕਚੀਚੀਆਂਖਾਉਂਦਾ ਸੀ।
ਰਿਆਸਤਸ੍ਰਵੀਆ ਨਹੀਂਸੀ ਜੰਗਚਾਹੁੰਦਾ ਸਗੋਂਵੈਰਵਿਰੋਧ ਗਵਾਉਂਦਾਸੀ।
ਮੁਆਫੀਖੂਨਦੀ ਮੰਗਲਈ ਸ੍ਰਵੀਆ ਨੇ ਛੁਟਾਤੀਰਕਮਾਨੋਂਨਆਉਂਦਾ ਸੀ।
ਨਹੀਂਮੰਨਯਾ ਅਸਟ੍ਰੀ ਹੰਗਰੀ ਨੇ ਦੇਖੋ ਵਾਹਿਗੁਰੂ ਬਣਤ ਬਨਾਉਂਦਾ ਸੀ।
ਜਾਣੋਠੀਕ ਅਠਾਈਜੁਲਾਈ ਦੀ ਨੂੰ ਚੋਦਾਂ ਈਸਵੀ ਤੇਗ ਉਠਾਉਂਦਾ ਸੀ।
ਛੋਟੀ ਬਾਦਸ਼ਾਹੀ ਭਾਵੇਂ ਸਰਵੀਆ ਦੀ ਵੱਡੀਜਾਤ ਸਲੇਵ ਸਦਾਉਂਦਾ ਸੀ।
ਕੌਮ ਨਾਲ ਮਿਲਦੀ ਪਿਛੋਂ ਰੱਸ਼ੀਏਦੇ ਜੇੜ੍ਹਾਰਾਜ ਦੇ ਢੋਲ ਵਜਾਉਂਦਾ ਸੀ।
ਮੰਨੀ ਰੂਸਦੀ ਨਹੀਂ ਸਲਾਹ ਕੋਈ ਪਿਆ ਅਸਟ੍ਰੀ ਜੋਸ਼ ਦਖਾਉਂਦਾ ਸੀ।
ਫੇਰ ਕੱਤੀ ਤ੍ਰੀਖ ਜੁਲਾਈ ਦੀ ਨੂੰ ਜਰਮਨ ਛਾਪਕੇ ਨੋਟ ਪੁਚਾਉਂਦਾ ਸੀ।
ਭਾਈ ਬੰਧ ਹੈਸੀ ਚੰਗਾ ਅਸਟਰੀਦਾ ਅਗ ਬੁਝੀ ਮਸਾਲਨੂੰ ਲਾਉਂਦਾ ਸੀ।
ਰੂਸ ਲੜੂ ਤਾਂ ਮੇਰਾ ਭੀ ਹੱਥ ਕਬਜ਼ੇ ਨਹੀਂ ਵਿਚ ਮਿਯਾਨ ਦੇ ਪਾਉਂਦਾ ਸੀ।
ਪੰਜਾਹਲੱਖਸਿਪਾਹੀਦੀ ਫੌਜ ਓਹਦੀ ਸਾਰੀ ਦੁਨੀ ਸੇਵਡਾ ਸਦਾਉਂਦਾ ਸੀ।
ਹੋਯਾ ਸੱਚ ਅਗਸਤ ਦੀਦੂਸਰੀ ਨੂੰਜਰਮਨ ਆਪਣੀ ਬਾਗਉਠਾਉਂਦਾਸੀ।
ਭੀੜਾ ਰਾਹ ਏਥੇ ਕਵੀ ਨੰਦ ਸਿੰਘਾ ਪਾਰ ਛੰਦ ਸ਼ਰੀਫ ਲੰਘਾਉਂਦਾ ਸੀ।

## ਸ਼ਰੀਫ ਛੰਦ-ਤਥਾ-ਕੋਰੜਾ

ਜਰਮਨੀਦਾ ਬਾਦਸ਼ਾਹ ਪੁਕਾਰੇ ਫੌਜਨੂੰ। ਦੇਖੋ ਹੁਣ ਸੱਜਣੋਹਮਾਰੀ ਮੌਜ ਨੂੰ।
ਬੈਜੀਮ ਪਾਸੋਂ ਸਿੱਧਾ ਰਾਹ ਲੋੜੀਏ। ਰੂਸਤੇ ਫ੍ਰਾਂਸ ਨਾਲ ਮੱਥਾ ਜੋੜੀਏ।
ਬੈਜੀਮਆਖਦਾਨਾ ਦੇਊਂ ਰਾਸਤਾ। ਮੇਰੇਨਾਲਕਿਸੇਦਾ ਨਾ ਕੋਈਵਾਸਤਾ।
ਇਕਰਾਰਨਾਮੇਮੇਰੇਨਾਲਜੀ। ਬੀਤੀਆਂ ਨੀਸਦੀਆਂਜੋ ਹੋਏ ਸਾਲ ਜੀ।
ਛੋਟਾ ਰਾਜਿਆਂਦੇ ਕੰਮਨਾਂ। ਚਟ ਜਾਣ ਜੇੜੇ ਫੇਰ ਕੋਈ ਰੀਮਨਾ।
ਜਰਮਨੀ ਹੰਕਾਰਿਆ।ਲੋੜਦਾਸੀਹਾਥੀਕੀੜੀਆਂਨੂੰ ਮਾਰਿਆ।
ਚੱਤੀ ਸਾਡੇ ਰਾਜ ਨੂੰ। ਜਾਰਜ ਪੁਕਾਰੇ ਸਾਡੇ ਮਹਾਂਰਾਜ ਨੂੰ।
ਹੱਥ ਜੋੜਕੇ। ਰਖੋ ਫੌਜ ਜਰਮਨੀ ਦੀ ਤੁਸੀ ਮੋੜਕੇ।

ਤੋੜ ਅਕਰਾਰਨਾਮੇ ਸਾਰੇ ਆਉਂਦਾ। ਨਹੀਂ ਖੌਫ ਰੱਬਦਾਕਿਸੇਤੋਂਖਾਉਂਦਾ।

## ਬੈਂਤ

ਪਰਉਪਕਾਰੀ ਸ੍ਰਕਾਰਅੰਗ੍ਰੇਜ਼ ਸਾਡੀ ਛਾਤੀਲਗਿਆਂ ਮੂਲਨਾਂ ਧੱਕਿਆ ਸੀ।
ਖਬਰਦਾਰਕੀਤਾ ਕੈਸਰ ਜਰਮਨੀਨੂੰ ਅੱਗੇਆਉਣੇ ਮੂਲਨਾ ਸੱਕਿਆ ਸੀ।
ਪਾਈਠੱਲਅੰਗ੍ਰੇਜ਼ੀਆਂ ਪਲਟਣਾਂ ਨੇ ਨਾਲ ਜ਼ੋਰਦੇਪਿਛਾਂਹਨੂੰ ਡੱਕਿਆ ਸੀ।
ਫੇਰ ਚਾਰ ਤ੍ਰੀਖ ਅਗਸਤ ਦੀ ਨੂੰ ਪਿਛਾ ਚੋਰੀ ਗਰੀਬ ਦਾ ਤੱਕਿਆ ਸੀ।
ਕੀਤੇ ਫੈਰ ਵਚਾਰਿਆਂ ਬਿਲਜਮਾ ਤੇ ਆਵਾ ਗੌਣ ਫਸਾਦ ਨੂੰ ਚੱਕਿਆ ਸੀ।
ਨੇਮ ਧਰਮ ਦੇ ਤੋੜ ਅਕ੍ਰਾਰ ਨਾਮੇ ਗੈਦਾਚਲਾਹ ਜ਼ਬਾਨਤੋਂ ਲੱਕਿਆ ਸੀ।
ਝੰਡਾਚੁਕ ਅਖੀਰ ਲਿਆਬਿਲਜਮਾਂ ਨੇ ਐਸਾਸੂਰਮਾਜਰਾਨਾ ਝੱਕਿਆ ਸੀ।
ਸਿਰਾਂਨਾਲ ਦਾਈਏ ਹੁੰਦੇਸੂਰਿਆਂ ਦੇ ਰਣਜੀਤਅੰਦਰ ਢੰਗਾਪੱਕਿਆ ਸੀ।
ਨੰਦ ਸਿੰਘ ਬਰਾਬਰੀ ਕਰੀ ਚੰਗੀ ਨਹੀਂ ਵਿੱਚ ਮਦਾਨ ਦੇ ਅੱਕਿਆ ਸੀ।

## ਕਵੀਸ਼ਰ ਵਲੋਂ

ਦੇਖੋ ਰੰਗ ਕਰਤਾਰ ਦੇ ਓਹ ਜਾਣੇ ਕਿੱਡੀ ਗਲ ਤੋਂ ਕਿੱਡਾ ਵਧਾਨ ਹੋਯਾ।
ਮੁਢੋਂਹੁੰਦੀਆਂਏਸੇਹੀ ਤਰਾਂ ਆਈਆਂਜਿਥੋਂ ਲਾਇਕੇਜ਼ਿਮੀਂਅਸਮਾਨ ਹੋਯਾ।
ਬੀਤ ਚੁਕੀਆਂ ਸ਼ਾਹ ਸਕੰਦਰਾਂ ਤੇ ਨੀਚੇ ਜਿਨ੍ਹਾਂ ਦੇ ਕੁਲ ਜਹਾਨ ਹੋਯਾ।
ਅਰਜਨ ਜੇਹਾਂ ਨੇ ਕੁਲਾਂ ਦੇ ਨਾਸ ਕੀਤੇ ਕੈਰੋ ਪਾਂਡਵਾਂ ਲਹੂ ਲੁਹਾਨ ਹੋਯਾ।
ਮਿਲੇ ਚੰਗੀ ਮਸਾਲ ਪੰਜਾਬ ਵਿਚੋਂ ਕੁਲਾਂ ਚੰਗੀਆਂ ਦਾ ਮੁਢੋਂ ਹਾਨ ਹੋਯਾ।
ਵੱਟ ਇਕ ਜ਼ਮੀਨ ਦੀ ਖੁਸ ਜਾਵੇ ਸਕੇ ਭਾਈਆਂ ਸਿਰਾਂ ਦਾ ਦਾਨ ਹੋਯਾ।
ਛਿੜੇ ਰੇਹਣ ਮੁਕਦਮੇਂ ਬਹੁਤ ਸਾਲਾਂ ਅਤੇ ਲੱਖਾਂ ਕ੍ਰੋੜਾਂ ਨੁਕਸਾਨ ਹੋਯਾ।
ਲੱਸੀ ਅੱਗ ਲੜਾਈ ਵਧਾਉਣ ਦਾ ਕੀ ਔਖਾਕੋਈ ਫਸਾਦ ਮਟਾਨ ਹੋਯਾ।
ਏਹੋ ਗਲ ਬੀਤੀ ਨਾਲ ਯੂਰਪਾਂ ਦੇ ਆਪੋ ਆਪ ਨੂੰ ਪਿਆ ਗੁਮਾਨ ਹੋਯਾ।
ਕਤਲ ਹੋਗਿਆ ਸੀ ਇਕ ਆਦਮੀ ਜੇ ਛੁਟਾ ਤੀਰ ਜੋ ਵਿਚ ਕਮਾਨ ਹੋਯਾ।
ਗਲ ਨਹੀਂ ਮਿਟਾਉਣਦੇ ਜਤਨ ਕੀਤੇ ਵਲ ਜੰਗਦੇ ਸਗੋਂ ਧਿਆਨ ਹੋ
ਵਾਧਾਜੰਗਵਧਾਉਣਦਾ ਜਰਮਨੀਦਾ ਜੇਹੜਾਅਸਟਰੀਦੀ ਜਿੰਦਜਾਨ
ਮੋੜੇ ਕੌਣ ਤਕਦੀਰ ਕਰਤਾਰ ਦੀ ਨੂੰ ਸਾਰਾ ਦੁਨੀ ਦਾ ਕੰਮ ਵੈਰਾ
ਨੰਦ ਸਿੰਘ ਇਸ ਹਾਲ ਨੂੰ ਛੱਡ ਏਥੇ ਦਸੀਂ ਲਾਮਦਾਜਿਵੇਂਘਾ

---੦---

## ਲੜਾਈ ਦੀਆਂ ਤਿਆਰੀਆਂ ।

### ਸ਼ਰੀਫ ਛੰਦ

ਜੰਗ ਦੀਆਂ ਹੋਗੀਆਂ ਸ਼ਤਾਬੀ ਤਯਾਰੀਆਂ। ਕਿਸਮਤਾਂ ਬਗਾਨੇ ਪੁਤਾਂ ਦੀਆਂ ਹਾਰੀਆਂ । ਜਰਮਨੀ ਨੇ ਬਿਲਜਮਾਂ ਤੇ ਲੱਕ ਬੰਨ੍ਹਿਆਂ। ਕੀਤੇ ਇਕਰਾਰ ਵਾਲਾ ਨੇਮ ਭੰਨਿਆਂ । ਦੁਨੀਆਂ ਦੇ ਉਤੇ ਸਾਰੇ ਸ਼ੋਰ ਪੈਗਿਆ। ਕੋਈ ਰਜਵਾੜਾ ਨਹੀਂ ਬਾਕੀ ਰੈਹ ਗਿਆ। ਬਝ ਗਈ ਆ ਲਾਂਮ ਸਾਰੇ ਦੇਕੇ ਜ਼ੋਰ ਨੂੰ । ਘਰ ਘਰ ਦੁਨੀਆਂ ਚਿਤਾਰੇ ਘੋਰ ਨੂੰ। ਲੱਗੀ ਹੋਈ ਅੱਗ ਨੂੰ ਬੁਝਾਏ ਕੌਣ ਜੀ। ਚੜ੍ਹ ਕਲਜੋਗਣਾਂ ਅਕਾਸ਼ ਭੌਣ ਜੀ । ਚੜ੍ਹਦੇ ਸਤੰਬਰ ਨੂੰ ਤੋਪਾਂ ਚਲੀਆਂ । ਛੋਟੇ ਜਿਹੇ ਬਿਲਜਮੀ ਠੀਕ ਝਲੀਆਂ । ਛਡਿਆ ਨਾ ਜੰਗ ਦਾ ਮਦਾਨ ਸ਼ੇਰ ਨੇ। ਲਗਿਆ ਸੀ ਹਾਥੀ ਕੀੜੀਆਂ ਨੂੰ ਘੇਰਨੇ । ਲੀਗ ਵਾਲ਼ੇ ਕਿਲੇ ਨੇ ਹੰਕਾਰ ਤੋੜਿਆ । ਗੋਲੇ ਨਾਲ ਜਰਮਨਾਂ ਨੇ ਗੋਲਾ ਜੋੜਿਆ। ਦੰਦ ਖੱਟੇ ਹੋ ਗਏ ਪਚਾਸ ਲੱਖ ਦੇ । ਚਲਦੀ ਨਾ ਪੇਸ਼ ਹੌਲੇ ਹੋਏ ਕੱਖ ਦੇ । ਇਕ ਹੱਲਾ ਵੈਰੀਆਂ ਦਾ ਠੀਕ ਝੱਲਿਆ । ਨੰਦ ਸਿੰਘਾ ਮੁੜਕੇ ਪਛਾੜੀ ਚੱਲਿਆ ।

### ਇੰਟਵਰਪ ਦੇ ਕਿਲੇ ਉਤੇ ਜਰਮਨੀ ਦਾ ਦੂਸਰਾ ਹੱਲਾ

ਹੱਲਾ ਫੇਰ ਕੀਤਾ ਦੂਜੀ ਵਾਰ ਮੁੜਕੇ ਤ੍ਰੀਕ ਪੰਦਰਾਂ ਸੋਲਾਂ ਸਤਾਰੀਆਂ ਨੂੰ।
ਕਿਲਾਬਿਲਜਮਾਂਦਾਆਲੀਸ਼ਾਨਚੰਗਾ ਹੈਸੀਪਤਾ ਬਾਦਸ਼ਾਹੀਆਂਸਾਰੀਆਂ ਨੂੰ।
ਇੰਟਵਰਪਜੋ ਬਿਲਜਮੀਰਾਜਧਾਨੀਪਹੁੰਚੀਅਜਓਹ ਬਹੁਤ ਲਾਚਾਰੀਆਂਨੂੰ।
ਜੋੜਦਿੱਤੀਆਂਸਭ ਘੁੜਵੈਲ ਤੋਪਾਂ ਕੇਪਾਂਦਿਤੀਆਂ ਸੀ ਸਭਨਾ ਭਾਰੀਆਂ ਨੂੰ।
ਗੋਲਮਦਾਜ਼ ਨਸ਼ਾਨਚੀ ਬਹੁਤ ਚੰਗੇ ਜੇੜ੍ਹੇ ਲਾਂਵਦੇ ਫਿਰਨ ਉਡਾਰੀਆਂ ਨੂੰ।
ਚ ਗੋਰ ਕੀਤੀ ਸਾਰੇ ਗੋਲਿਆਂ ਨੇ ਲੱਗੀ ਅੱਗ ਮਹੱਲ ਅਟਾਰੀਆਂ ਨੂੰ।
ੰਚੀਆਂ 'ਗਨਾਂ'ਦੇ ਫੈਰ ਕੀਤੇਬੀੜਦਿਤੀਆਂ ਕਿਸਮਤਾਂਹਾਰੀਆਂਨੂੰ।
ਲਗੀਜਦੋਂ' ਗੋਲਿਆਂ ਦੀ ਹੌਲ ਪੈਗਿਆ ਸੀ ਨਰਨਾਰੀਆਂ ਨੂੰ।
ਅੰਤ ਫਨਾਹ ਕੀਤਾ ਵਕਤ ਗੁਜਰ ਢੁਕੇ ਇੰਤਜ਼ਾਰੀਆਂ ਨੂੰ।
ਣ ਨਸ਼ਾਨਿਆਂ ਤੇ ਚੜ੍ਹੇ ਹੌਸਲੇ ਤਦੋਂ ਹੰਕਾਰੀਆਂ ਨੂੰ।
ੀ ਨੰਦਸਿੰਘਾ ਜਿੱਤ ਲਿਆ ਸੀ ਖੇਡ ਮਦਾਰੀਆਂ ਨੂੰ।

## ਕੈਹਣਾ ਬਿਲਜੀਅਮ ਦੇ ਵਜ਼ੀਰ ਦਾ

ਬਾਦਸ਼ਾਹਜੀ ਸੁਣੋ ਇਕ ਅਰਜ਼ ਮੇਰੀ ਕਿਲਾ ਆਪਣਾ ਟੁਟਕੇ ਦੂਰ ਹੋਣਾ।
ਪੂਰੀ ਫੌਜ ਤੂੰ ਰੈਹਣ ਦੇ ਪਾਸ ਮੇਰੇ ਤੁਹਾਨੂੰ ਦੰਗਾ ਜੇ ਏਸ ਤੋਂ ਦੂਰ ਹੋਣਾ।
ਚਲੇ ਜਾਓ ਲੈਕੇ ਮਹਾਰਾਣੀਆਂ ਨੂੰ ਏਥੇ ਹੋਰ ਭੀ ਜੰਗ ਜ਼ਰੂਰ ਹੋਣਾ।
ਕਰੂੰ ਨਿਮਕ ਹਲਾਲ ਅਖੀਰ ਤਾਈਂ ਵਿਚ ਏਸ ਮੈਦਾਨ ਦੇ ਸੂਰ ਹੋਣਾ।
ਮੌਜਾਂ ਕੀਤੀਆਂ ਸੀ ਤੇਰੇ ਰਾਜ ਅੰਦਰ ਏਸੇ ਵਾਸਤੇ ਪਿਆ ਮਨਸੂਰ ਹੋਣਾ।
ਮੈਨੂੰ ਲੋੜ ਹੈ ਤੇਰੀ ਸਲਾਮਤੀ ਦੀ ਪੁਰਜਾ ਪੁਰਜਿਓਂ ਕਟ ਮਨਜ਼ੂਰ ਹੋਣਾ।
ਚਲੋ ਰਾਜਧਾਨੀ ਇੰਗਲੈਂਡ ਦੀ ਨੂੰ ਐਥੇ ਜੁਧ ਜਹਾਨ ਮਸ਼ਹੂਰ ਹੋਣਾ।
ਦੇਖ ਰੰਗ ਕਰਤਾਰ ਦੇ ਨੰਦ ਸਿੰਘਾ ਕਦੇ ਸਖਣੇ ਤੇ ਭਰਪੂਰ ਹੋਣਾ।

## ਕਵੀਸ਼ਰ ਵਲੋਂ

ਕਿਸਮਤਹਾਰਦੀਏ ਜਦੋਂ ਆਦਮੀਦੀ ਤਦੋਂ ਕੋਈਨਾ ਬਣਤ ਬਣਾਈ ਜਾਂਦੀ।
ਬਾਦਸ਼ਾਹੀਆਂ ਗਰਕ ਹੋ ਜਾਣ ਛੇਤੀ ਓਥੇ ਪੇਸ਼ ਨਾ ਸਜਣੋਂ ਕਾਈ ਜਾਂਦੀ।
ਜਿਥੇ ਪਲੰਘ ਨਵਾਰਾਂ ਦੇ ਵਿਛਣ ਛੇਜਾਂਕਦੇਗੋਦੜੀ ਨਹੀਂ ਵਛਾਈ ਜਾਂਦੀ।
ਧੰਨਕੁਦਰਤਾਂ ਤੇਰੀਆਂ ਮਾਲਕਾਓਏ ਜਿਵੇਂ ਚਾਹੇ ਤੂੰ ਤਿਵੇਂ ਬਜਾਈ ਜਾਂਦੀ।
ਜਿਥੇਲਗਦੀਆਂ ਮੈਹਫਲਾਂਦਿਨੇ ਰਾਤੀਂ ਕਦੇ ਓਥੇ ਉਜਾੜਦਖਾਈ ਜਾਂਦੀ।
ਛੱਤੀ ਭੋਜਨ ਜਿਥੇ ਤਿਆਰ ਹੁੰਦੇ ਮੁਠੀ ਚਣੇ ਦੀ ਕਦੇ ਚਬਾਈ ਜਾਂਦੀ।
ਜੇਹੜੇ ਦੰਦ ਏਹ ਲੋਹੇ ਨੂੰ ਤੋੜ ਜਾਂਦੇ ਕਦੇਬਰਫ ਜਲੇਬ ਨਾ ਖਾਈਜਾਂਦੀ।
ਸੌ ਸੌ ਬੇਗਮਾਂ ਕਰਨ ਖੁਸ਼ਾਮਦਾਂ ਨੂੰ ਨਿੱਤ ਬੇਸਵਾ ਆਦਿ ਨਚਾਈ ਜਾਂਦੀ।
ਆਏ ਹੁਕਮ ਤੇਹੁਕਮਦੇ ਨਾਲ ਜਾਂਦੇਅਤੇ ਨਾਲਹੀ ਚਲੀਰੁਸ਼ਨਾਈ ਜਾਂਦੀ।
ਕਿਸਮਤਮਾਰਦੀ ਆਕਲਾਂਫਾਜ਼ਲਾਂਨੂੰ ਨਹੀਂਕੋਈਤਦਬੀਰ ਬਣਾਈ ਜਾਂਦੀ।
ਕਦੇ ਲੇਫ ਨਿਹਾਲੀਆਂ ਹੈਨ ਮੌਜਾਂ ਹੋਲੀ ਰੰਗਦੇ ਨਾਲ ਉਡਾਈ ਜਾਂਦੀ।
ਕਦੇ ਦੇਖੀਏ ਰਾਜ ਦੇ ਤਾਜ ਸੋਹਣੇ ਕਦੇ ਟੋਪੀ ਤੇ ਪੱਗ ਲੁਹਾਈ ਜਾਂ
ਕਦੇ ਬਾਜ ਉਡਾਉਂਦੇ ਗੁਠਿਆਂ ਤੇ ਕਦੇ ਚਿੜੀ ਨਾਂ ਪਿੰਜਰੇ ਪਾਈ
ਕਦੇ ਦੇਖੀਏ ਝੂਲਦੇ ਖੜੇ ਹਾਥੀ ਸਾਥ ਨੌਕਰਾਂ ਫੌਜ ਸੁਹਾਈ
ਕਦੇ ਅਤਰ ਫੁਲੇਲ ਗੁਲਾਬ ਛਿੜਕੇ ਕਦੇ ਜਟਾਂ ਤੇ ਖਾਕ ਰੁਮਾਈ
ਕਦੇ ਪੱਟੀਆਂ ਹੈਨ ਸੰਧੂਰ ਭਰੀਆਂ ਕਦੇ ਸੱਖਣੀ ਗੁਤ ਕਰਵ
ਕਦੇ ਬਾਦਸ਼ਾਹੀ ਹੀਰੇ ਮੋਤੀਆਂ ਦੀ ਕਦੇ ਖੱਪਰੀ ਭੀਖ ਮੰ

ਕਦੇ ਸੂਰਜ ਰਸੋਈ ਦੇ ਕੰਮ ਕਰਦੇ ਪੱਖੀ ਪੌਣ ਦੀ ਕਦੇ ਹਲਾਈ ਜਾਂਦੀ।
ਕਦੇ ਕਾਲ ਬਧੇ ਨਾਲ ਪਾਵਿਆਂ ਦੇ ਕਦੇ ਬਾਂਦਰਾਂ ਲੰਕ ਲੁਟਾਈ ਜਾਂਦੀ।
ਸੁੰਦਰ ਵਕਤ ਸੀ ਕਦੇ ਸਵੇਰਵਾਲਾ ਕਦੇਸ਼ਾਮਦੀ ਘੜੀ ਬਦਲਾਈ ਜਾਂਦੀ।
ਰੱਬ ਬੜਾ ਬੇਅੰਤ ਹੈ ਨੰਦ ਸਿੰਘਾ ਭਾਵੀ ਓਸਦੀ ਨਹੀਂ ਮਟਾਈ ਜਾਂਦੀ।

ਤਥਾ

ਗਲਾਂਸਾਰੀਆਂ ਹਥ ਪ੍ਰਮਾਤਮਾਂਦੇ ਕੇਈਦੁਖੀਹਨ ਕਈਆਂਦੀ ਸਾਰ ਲੈਂਦਾ।
ਓਹ ਆਦਮੀ ਕਦੇ ਫਕੀਰ ਹੋਵੇ ਕਦੇ ਭੇਸ ਅਮੀਰੀ ਦੇ ਧਾਰ ਲੈਂਦਾ।
ਕਦੇ ਬਕਰੀ ਸ਼ੇਰ ਨੂੰ ਕਰੇ ਕਾਬੂ ਕਦੇ ਚੂਹਾ ਵੀ ਸੱਪ ਨੂੰ ਮਾਰ ਲੈਂਦਾ।
ਕਦੇ ਭਿੱਛਿਆ ਨਹੀਂ ਵਸੂਲ ਹੁੰਦੀ ਕਦੇ ਮੋਤੀਆਂ ਦੇ ਘਤ ਹਾਰ ਲੈਂਦਾ।
ਕਦੇ ਕੁਲੀ ਅਦਾਲਤਾਂ ਕਰਨ ਬੈਠੇ ਕਦੇ ਸ਼ਾਹ ਰੁਪੱਯਾ ਉਧਾਰ ਲੈਂਦਾ।
ਕਦੇ ਮਿਰਗ ਅੰਗੂਰੀਆਂ ਫਿਰੇ ਚਰਦਾ ਕਦੇ ਹੇੜੀਆਂ ਦੁਖ ਸਹਾਰ ਲੈਂਦਾ।
ਕਦੇ ਬੇੜੀ ਮਲਾਹਦੀ ਫਿਰੇ ਤਰਦੀ ਸਿਧੀ ਨੀਤ ਜੇ ਰੱਬਦੀ ਧਾਰ ਲੈਂਦਾ।
ਬਦਲੀ ਹੋਂਵਦੀਪਈਜ਼ਮਾਨਿਆਂਦੀ ਬੁਧੀਵਾਨਏਹ ਗਲ ਵਿਚਾਰ ਲੈਂਦਾ।
ਕਦੇ ਪਲੰਘ ਵਛਾਇਕੇ ਸਵੇਂ ਨੌਕਰ ਕਦੇ ਜੰਗਦੇ ਪੈਹਨ ਹਥਯਾਰ ਲੈਂਦਾ।
ਕਦੇ ਸੱਸ ਜੁਵਾਈ ਦੀ ਕਰੇ ਸੇਵਾ ਕਦੇ ਸੌਹਰਾ ਪੰਜ ਹਜ਼ਾਰ ਲੈਂਦਾ।
ਕਦੇ ਕੈਦ ਅੰਦਰ ਭੋਗੇ ਜੇਹਲਖਾਨੇ ਕਦੇ ਬਾਦਸ਼ਾਹ ਨਾਮ ਸੰਸਾਰ ਲੈਂਦਾ।
ਕਦੇ ਕੁਰਸੀਆਂ ਵਿਚ ਕਚੈਹਰੀਆਂ ਦੇ ਕਦੇਸਿਰੋਂ ਮਜੂਰੀਦਾ ਭਾਰ ਲੈਂਦਾ।
ਕਦੇ ਰਾਮਲੀਲ੍ਹਾ ਕਾਹਨ ਗੋਪੀਆਂ ਦੀ ਕਦੇ ਮੰਗਤਾਵਕਤ ਗੁਜਾਰ ਲੈਂਦਾ।
ਜੈਸੀ ਭਾਂਵਦੀ ਓਸਨੂੰ ਨੰਦ ਸਿੰਘਾ ਖੇਡ ਆਪਣੀ ਆਪ ਕਰਤਾਰ ਲੈਂਦਾ।

ਤਥਾ

ਵਕਤ ਪਏ ਤੋਂ ਛੱਡਕੇ ਬਾਦਸ਼ਾਹੀ ਰਾਜਾ ਵਾਂਗ ਮੁਸਾਫਰਾਂ ਚੱਲਿਆ ਜੇ।
ੰਚੋ ਰੈਹਣ ਫਰਾਂਸ ਦੀ ਰਾਜਧਾਨੀ ਤਖਤਾ ਖੂਬ ਲੜਾਈਦਾਹੱਲਿਆ ਜੇ।
ਾਲੇ ਦੇ ਵਿਚ ਵਜੀਰ ਸੂਰਾ ਬਾਦਸ਼ਾਹ ਸਲਾਮਤੀ ਘੱਲਿਆ ਜੇ।
ਾ ਮੁਕਾਬਲੇ ਦੁਸ਼ਮਨਾਂ ਦੇ ਸਿਧਾ ਹੋਇਕੇ ਮੋਰਚਾ ਮੱਲਿਆ ਜੇ।
ਦੇ ਪੇਸ਼ ਕੀ ਸੈਂਕੜੇ ਦੀ ਅੰਤ ਵੈਰੀਆਂ ਨੇ ਘੇਰਾ ਘੱਲਿਆਜੇ।
ਅੰਦਰੀਂਫਿਰਨਫੌਜਾਂ ਭਾਣਾ ਰੱਬਦਾ ਕਦੀਨਾਟੱਲਿਆ ਜੇ।
ਾਲ ਹਨ ਸੂਰਿਆਂ ਦੇ ਕਈ ਰੋਜ ਲੜਾਈਨੂੰ ਠੱਲਿਆਜੇ।

ਕੀਤਾ ਕੈਦ ਵਜੀਰ ਨੂੰ ਨੰਦ ਸਿੰਘਾ ਹੋਊ ਦੁਖ ਤਕਲੀਫ ਨੂੰ ਝੱਲਿਆ ਜੇ।

### ਦੋਹਰਾ

ਕਬਜਾ ਕੀਤਾ ਜਰਮਨਾਂ ਬਿਲਜਿਮ ਦੇ ਵਿਚ ਜਾਇ।
ਖਬਰਾਂ ਹੋਈਆਂ ਦੇਸ ਤੇ ਘਰ ਘਰ ਭਾਜੜ ਪਾਇ॥ ੧ ॥
ਤਖਤਾ ਏਸ ਜ਼ਮੀਨ ਦਾ ਸਾਰਾ ਕੰਬ ਗਿਆ।
ਅੰਦਰ ਰਾਜੇ ਰਾਣਿਆਂ ਫਟਕੇ ਬੰਬ ਗਿਆ॥ ੨ ॥

### ਕਬਿੱਤ

ਰੂਸ ਤੇ ਫਰਾਂਸ ਵਿਚ ਸਾਰੇ ਥਰਥੱਲ ਪਿਆ ਥਾਓਂ ਥਾਈਂ ਫੌਜਾਂ ਵਾਲੀ ਨਫਰੀ ਵਧਾਈਐ। ਤੋਪ ਤੇ ਮਸ਼ੀਨ ਗੰਨਾ ਗਿਣਤੀ ਰਸਾਲਿਆਂ ਦੀ ਪੈਦਲਾਂ ਦੀ ਝਟਾਪਟ ਭਰਤੀ ਖੁਲਾਈਐ। ਪੈਨੀਅਰਾਂ ਪਲਟਣਾ ਨੇ ਮੋਰਚੇ ਤਿਆਰ ਕੀਤੇ ਕਈਦਲ ਜੋੜ ਤੇਗ ਜੰਗਦੀ ਉਠਾਈਐ।ਨਵੇਂ ਰੰਗਰੂਟਪੈਦਾ ਹੋਏ ਕਵੀ ਨੰਦ ਸਿੰਘਾ, ਜੰਗ ਨੂੰ ਬਹਾਦਰਾਂ ਨੇ ਕਰਤੀ ਚੜ੍ਹਾਈਐ॥ ੧ ॥

ਸਾਡੀ ਸਰਕਾਰ ਕੋਲੋਂ ਮੰਗੀਆਂ ਹਮੈਤਾਂ ਕੁਜ ਫੌਜ ਇੰਗਲੈਂਡਦੀਨੇ ਰੋਕਲਏ ਮਦਾਨ ਸੇ। ਤੇਜ ਹਥਿਆਰ ਜੋਰਦਾਰ ਵਿਚ ਤਾਕਤਾਂ ਦੇ ਧਨਮਾਲ ਦੌਲਤਾਂ ਖਜਾਨਿਆਂ ਦੀ ਖਾਨਸੇ। ਚੰਗੇ ਇੰਤਜ਼ਾਮ ਮੇਗਜ਼ੀਨ ਆਦ ਰਾਸਣਾ ਦੇ ਪੂਰੇ ਬਰਗੇਡਾਂ ਵਿਚ ਸੁੰਦਰ ਜੁਆਨ ਸੇ। ਬੰਨ ਕੇ ਡਫੈਂਸ ਚੰਗੀ ਠੱਲ ਪਾਈ ਬੇੜਿਆਂ ਨੇ ਪੂਰੇ ਫੌਜੀ ਨੌਕਰਾਂ ਨੂੰ ਮਿਲਗਏ ਸਮਾਨ ਸੇ। ੨।

ਸੁਣੀ ਜਾਂ ਲੜਾਈ ਦੀ ਉਵਾਈ ਵਿਚ ਇੰਡੀਆ ਦੇ ਫੌਜਾਂ ਵਾਲੇ ਕਰ ਬੈਠੇ ਪੱਕੀਆਂ ਸਲਾਹਾਂ ਨੂੰ। ਦਿਤੀਆਂ ਰਿਪੋਟਾਂ ਇੰਨਚਾਰਜ ਔਫੀਸਰਾਂ ਨੂੰ ਮਰਨਾ ਕਬੂਲ ਨਹੀਂ ਮੁੜਨਾ ਪਿਛਾਹਾਂ ਨੂੰ। ਪਹੁੰਚ ਗਈ ਰਿਪੋਟ ਬਰਗੇਡ ਦੇ ਡਵੀਜ਼ਨਾਂਨੂੰ ਲਿਖੀ ਓਹਨਾਂ ਅਰਜ਼ੀਸੀ ਆਪਣੇ ਉਤਾਹਾਂਨੂੰ। ਮੰਗਦੀਆ ਫੌਜਾਂ ਜੰਗ ਵੇਖਣਾ ਮਦਾਨ ਵਿਚ ਲਾਰਡ ਹਜ਼ੂਰ ਤਾਰ ਭੇਜਦੇ ਅਗਾਹਾਂ

ਇੰਡੀਆ ਦੇ ਲਾਟ ਨੇ ਪੁਚਾਈ ਤਾਰ ਬਾਦਸ਼ਾਹਨੂੰ ਮੰਗਦੇ ਹੈ ਏ ਦੀਆਂ ਮਨਜੂਰੀਆਂ। ਮੋੜਕੇ ਜਵਾਬ ਛੇਤੀਘਲਣਾ ਉਡੀਕਵਿਚ ਧਾਵਿਆਂਦੇ ਹੈਨ ਮਸ਼ਹੂਰੀਆਂ। ਕਾਬਲ ਕੰਧਾਰ ਚਿਤਰਾਲ ਸਰ ਟੋਟਲ ਗਰਾਂਡ ਵਿਚ ਨਫਰੀਆਂ ਪੂਰੀਆਂ। ਸੂਰਮੇ ਜੁਆਨ ਹੈ ਦੇ ਨੰਦ ਸਿੰਘਾ ਜੰਗ ਵਿਚ ਔਣ ਦੀਆਂ ਪੈਗੀਆਂ ਜ਼ਰੂਰੀ

ਮੋੜਿਆ ਜਵਾਬ ਛੇਤੀ ਬਾਦਸ਼ਾਹ ਸਲਾਮਤ ਨੇ ਦਿਤੀ ਮਨਜੂਰੀ ਆਓ ਸੂਰਬੀਰ ਡੱਟਕੇ। ਧੰਨ ਮੇਰੇ ਭਾਗ ਹੈਨ ਇੰਡੀਆ ਪਨਾਹ ਮੇਰੀ ਜਾਓਗੇ ਮਦਾਨ ਵਿਚੋਂ ਨੇਕੀਆਂਨੂੰਖੱਟਕੇ। ਆਓ ਰੇਲ ਗਡੀਆਂ ਸਪੈਸ਼ਲਾਂ ਤੇਬੈਠਕੇ ਤੇ ਰਸਤੇ ਸਮੁੰਦਰਾਂ ਦੇ ਕੋਈ ਨਹੀਂ ਹਟਕੇ। ਲੱਖ ਬਾਰ ਮੇਰਾ ਧੰਨਵਾਦ ਸਾਰੇ ਇੰਡੀਆ ਨੂੰ ਤਾਰ ਤਾਰ ਤਾਰ ਵਿੱਚ ਕਿਤੇ ਨਹੀਂ ਅੱਟਕੇ। ੫।

ਨਵੀਂ ਭਰਤੀ । ਦੋਹਰਾ

ਹੋਈ ਕਦਰ ਜੁਆਨ ਦੀ ਭਰਤੀ ਖੁਲ ਗਈ।<br>
ਛੋਟਾ ਮੋਟਾ ਆਦਮੀ ਦੇਹੀ ਤੁੱਲ ਗਈ। ੧।

ਕਬਿੱਤ

ਜ਼ਿਲੇਦਾਰਾਂ ਹਾਕਮਾਂ ਨੇ ਹੁਕਮ ਸੁਣਾਏ ਸਾਰੇ ਭਰਤੀ ਕਰਾਓ ਜੋ ਕਰਨ ਚਾਹੇ ਨੌਕਰੀ। ਛੋਟੇ ਮੋਟੇ ਆਦਮੀ ਦੀ ਰੱਖਣੀ ਵਿਚਾਰ ਨਾਹੀ ਨਫਰੀ ਵਧਾ ਦਿਓ ਕਰਨ ਜੰਗ ਜੋਕਰੀ। ਜ਼ਿਲਿਆਂ ਤੈਸੀਲਾਂ ਵਿਚ ਹੁਕਮ ਪੁਚਾਓ ਛੇਤੀ ਚੌਂਕੀਦਾਰ ਲੋਕ ਦੇਣ ਜੋਰ ਨਾਲ ਹੋਕਰੀ। ਛੋਟੀ ਮੋਟੀ ਜਾਤੀਆਂ ਨੂੰ ਆਖ ਦੇਹੋ ਨੰਦ ਸਿੰਘਾ ਨਾਮੇ ਲਖਵਾਓ ਕਾਹਨੂੰ ਚੁਕਦੇ ਹੋ ਟੋਕਰੀ। ੧ ।

ਆਦੀ ਸਰਦਾਰ ਜੀਮੀਂਦਾਰ ਤੁਖਾਣ ਸਿੱਖ ਨਿਮਕ ਹਲਾਲ ਜੇਹੜੇਮੁਢ ਦੇ ਸਦਾਉਂਦੇ। ਪੂਰਬੀਏ ਜਾਟ ਰਾਜਪੂਤ ਹਿੰਦੂ ਡੋਗਰੇ ਜੋ ਚੰਗੀ ਸਰਕਾਰ ਤਾਂਈ ਮੱਦਦ ਪੁਚਾਉਂਦੇ। ਮਰਹੱਟੇ ਪਠਾਨ ਆਮ ਦਿਸਦੇ ਪੰਜਾਬੀ ਲੋਕ ਗੋਰਖੇ ਜੁਆਨ ਵਿਚ ਫੌਜਾਂ ਦੇ ਸੁਹਾਉਂਦੇ। ਪੰਜ ਸੱਤ ਕੌਮਾਂ ਏਹ ਨੌਕਰੀ ਦੇ ਸ਼ੌਕ ਵਿਚ ਹੌਸਲੇ ਦੇ ਨਾਲ ਹੈਨ ਰਫਲਾਂ ਉਠਾਉਂਦੇ। ੨ ।

ਰੰਘੜ ਜੁਆਨ ਹੋਈ ਭਰਤੀ ਲਲਾਰੀਆਂ ਦੀ ਮੁਗਲਾਂ ਦੇ ਮੁੰਡਿਆਂ ੇ ਨਫਰੀ ਵਧਾਈ ਜੇ। ਸੈਣੀ ਤੇ ਕਮੋ ਹੋਰ ਅੰਤਨਾ ਲਬਾਣਿਆਂ ਦਾ ਥੋਰੀ ੀ ਬੌਰੀਆਂ ਦੀ ਭਰਤੀ ਖੁਲਾਈ ਜੇ। ਸਰਵੀਏ ਕਨੌਜੀ ਗੱਢਵਾਲੀਆਂ ੀ ਕੌਮ ਵੇਦਰੀਤ ਛੋਡਕੇਤੇ ਰਫਲ ਉਠਾਈ ਜੇ। ਆਏਸੀ ਪਹਾੜੀਏ ੍ਵੀ ਨੰਦ ਸਿੰਘਾ ਗੌੜ ਤੇ ਅਚਾਰਜਾਂ ਦੀ ਹੁਣੇ ਵਾਰੀ ਆਈਜੇ।੩।

ੀਆਂ ਬ੍ਰਾਹਮਣਾ ਨੇ ਕਰ ਲਈ ਦਲੀਲ ਯਾਰੋ ਛੇਤੀ ਨੇ ਨਾਮੇ ਲਖਵਾਏ ਸੀ। ਨਾਈ ਸੁਨਿਯਾਰੇ ਮੁਨਿਯਾਰੇ ਭਾਬੜੇ ਤੇ ਰੋੜੇ ਨਾਲ ਖੁਸ਼ੀਆਂ ਦੇ ਆਏ ਸੀ। ਤੇਲੀਆਂ

ਨੇ ਕੋਹਲੂ ਪੱਟ ਦਿਤੇ ਵਿਚ ਹੌਸਲੇ ਦੇ ਝੀਵਰ ਕਲਾਲ ਸਾਰੇ ਉਠਕੇ ਸਧਾਏ ਸੀ। ਛਡ ਬੈਠੇ ਕਾਰ ਘੁਮਿਆਰ ਸੁਣ ਨੌਕਰੀ ਨੂੰ ਨਵੇਂ ਰੰਗਰੂਟ ਨਹੀਂ ਬੋਲਦੇ ਬੁਲਾਏ ਸੀ। ੪।

ਕਾਨੂੰਗੋ ਤਸੀਲਦਾਰ ਅਰਜ਼ੀ ਨਵੀਸ ਲੋਕ ਲੈਕੇ ਪਟਵਾਰੀਆਂ ਤੋਂ ਜੰਗ ਨੂੰ ਤਿਆਰ ਹਨ। ਠਾਣੇ ਦਾਰ ਮੁਨਸ਼ੀ ਤਮਾਮ ਗਿਰਦਾਵਰ ਜੋ ਭਰਤੀ ਕਰਾਏ ਜੇਹੜੇ ਹੋਰ ਕਾਰਦਾਰ ਹਨ। ਮਾਸਟਰ ਬਾਬੂ ਰੇਲਵਾਈਦੇ ਸਟੇਸ਼ਨਾ ਦੇ ਭਰਤੀ ਤਾਂ ਹੋਏ ਪਰ ਪੁਜਕੇ ਲਚਾਰ ਹਨ। ਮਾਹਲ ਪੂੜੇ ਖਾਣ ਵਾਲੇ ਫਸ ਗਏ ਅਨੇਕ ਵਿਚ ਦੋਨੋ ਹਥ ਜੋੜਕੇ ਤੇ ਮੰਗਦੇ ਰਟਾਰ ਹਨ। ੫।

ਆਗਈ ਮਨਜ਼ੂਰੀ ਕਰੋ ਭਰਤੀ ਮਰਾਸੀਆਂ ਨੂੰ ਸਾਧੂਆਂ ਮਹਾਤਮਾਂ ਨੇ ਮੁੰਦਰਾਂ ਲਹਾਈਆਂ। ਪੰਡਤਾਂ ਮੁਲਾਣਿਆਂ ਨੇ ਸਿੱਖਲੀ ਕੁਵੈਦ ਯਾਰੋ ਸਾਰੰਗੀ ਤੇ ਢੋਲ ਕੀਲੇ ਟੰਗ ਤੇ ਭਰਾਈਆਂ। ਸੁੰਦਰ ਜੁਆਨ ਮੁੰਡੇ ਆਏ ਰਮਦਾਸੀਆਂ ਦੇ ਭਾਈ ਧਰਮ ਸਾਲੀਆਂ ਨੇ ਟੋਲੀਆਂ ਸੁਹਾਈਆਂ। ਛੀਂਬਿਆਂ ਤੋਂ ਲੈਕੇ ਆਦ ਕੱਠੇ ਹੋ ਗਏ ਨੰਦ ਸਿੰਘਾ ਜੰਮ ਕੇ ਨਾ ਅਜ ਤਾਂਈ ਦੇਖੀਆਂ ਲੜਾਈਆਂ। ੬।

ਦੇਖੋ ਦੇਖੀ ਰੀਸ ਆਗਈ ਸੁਣਕੇ ਜੁਲਾਹਿਆਂ ਨੂੰ ਚਲੋ ਸਰਕਾਰ ਵਿਚ ਨੌਕਰੀ ਲਵਾਈਏ। ਛੋੜ ਦੇਹੋ ਖੱਡੀਆਂ ਲਪੇਟ ਦੇਹੋ ਤਾਣੀਆਂ ਨੂੰ ਲੰਘ ਜਾਏ ਵੇਲਾ ਫੇਰ ਬੈਠੇ ਪਛਤਾਈਏ। ਕਿਸਮਤ ਨਾਲ ਖੁਲੀ ਭਰਤੀ ਜੁਲਾ-ਹਿਆਂ ਦੀ ਚਲੋ ਯਾਰੋ ਫੌਜ ਵਿਚ ਦਰਜੇ ਨੂੰ ਪਾਈਏ। ਦੇਊਗੀ ਅਨਾਮ ਸਰਕਾਰ ਕਵੀ ਨੰਦ ਸਿੰਘਾ ਲੱਠਾ ਖਾਸਾ ਮਲਮਲ ਕਪੜਾ ਹੰਢਾਈਏ। ੭।

## ਤੀਵੀਆਂ ਦੀਆਂ ਗਲਾਂ

ਆਖਦੀਆ ਨੂਰੀ ਖੀਵੀ ਗਲ ਸੁਣੀ ਗਾਮਿਆਂ ਤੂੰ ਨਾਮਨਾਂ ਲੁਵਾਈ ਤੈਨੂੰ ਕਸਮ ਕੁਰਾਨ ਵੇ। ਖੱਡੀਆਂ ਦਾ ਕੰਮ ਸਾਨੂੰ ਸਜਦਾ ਜੁਲਾਹਿਆਂ ਨੂੰ ਜੱਟਾਂ ਵਿਚ ਜਾਕੇ ਤੁਸੀਂ ਹੋਵੋਗੇ ਵਰਾਨ ਵੇ। ਗੋਲੀਆਂ ਤੇ ਗੋਲੇ ਓਥੇਚਲਦੇ ਹੈ ਦਿਨੇ ਰਾਤ ਲੱਗੀ ਜੇ ਬੰਦੂਕ ਠੱਠੇ ਕਰੂਗਾ ਜਹਾਨ ਵੇ। ਆਖੇ ਲਗੋ ਤੀਮੀਆਂਦੇ ਛਡੋ ਏਸ ਨੌਕਰੀਨੂੰ ਘਰਾਂ ਵਿਚ ਬੈਠਕੇਤੇ ਕਰੋ ਗੁਜਰਾਨਵੇ।੧।

ਆਖਦੇ ਜੁਲਾਹੇ ਤੁਸੀ ਜਾਓ ਘਰ ਆਪਣੇਨੂੰ ਭੈੜਣਾਨਾ ਪਾਓਤੁਸੀ ਰਲਕੇ ਜੁਲਾਹੀਆਂ। ਲੱਖਾਂਹੀ ਜੁਆਨ ਸਾਡੇ ਨਾਲ ਓਥੇ ਨੂਰੀਏ ਨੀ ਸਾਨੂੰ

ਦੇਣ ਲਗੀ ਹੈਂ ਤੂੰ ਝੂਠੀਆਂ ਸਲਾਹੀਆਂ। ਮੁੜ ਜਾਓ ਤੁਸੀਂ ਹੁਣ ਜਾਵਾਂਗੇ ਜ਼ਰੂਰ ਅਸੀਂ ਚਲਕੇ ਮੈਦਾਨ ਵਿਚ ਦੇਖਾਂਗੇ ਲੜਾਈਆਂ। ਫਤੇ ਪਾਕੇਆਵਾਂ ਗੇ ਜ਼ਰੂਰ ਕਵੀ ਨੰਦ ਸਿੰਘਾ ਜਰਮਨੀ ਉਤੇ ਅਸੀ ਕਰਾਂਗੇ ਚੜਾਈਆਂ।੨।

ਟੋਲੀਆਂ ਨੂੰ ਵੰਡਕੇ ਤੇ ਹੋਈ ਸਖਲਾਈ ਸ਼ੁਰੂ ਗਿਰਮਟ ਸੈਨ ਪੈਹਲੇ ਸਭ ਤੋਂ ਕਰਾਇਆ। ਟਰਨਾਦਾ ਕੰਮ ਬਾਈ ਨੰਬਰਾਂਤੋਂ ਆਦ ਲੈਕੇ ਕਰਨਾ ਸਲੂਟ ਪਾਧੇ ਪੰਡਤਾਂ ਸਖਾਇਆ। ਲੱਗੇ ਪਛਤੌਣ ਕਈ ਰੈਹਤ ਮਾਲੂਕਵਾਲੇ ਘਾਂਬੜਾਂ ਦਾ ਮਾਰ ਮਾਰ ਚਮੜਾ ਸੁਕਾਇਆ। ਪੁਤ੍ਰ ਬਗਾਨੇ ਸਖਲੌਣ ਵਾਲੇ ਨੰਦ ਸਿੰਘਾ ਝਿੜਕਾਂ ਦੇ ਨਾਲ ਚਿੱਤ ਮੁਰਦਾ ਬਣਾਇਆ। ੩।

ਕੀਤੀਸਖਲਾਈ ਚੰਗੀ ਤਾੜਕੇ ਡਰੇਲੀਆਂ ਨੇ ਤਾਜ਼ੇ ਬਰਗੇਡ ਦੇਖੋ ਉਮਦਾ ਬਣਾ ਲਏ। ਮੋਰਚੇ ਦਾ ਖੋਦਣਾ ਤੇ ਮਾਰਨਾ ਨਸ਼ਾਨਿਆਂ ਦਾ ਲੁਕ ਛਿਪ ਜਾਣਵਾਲੇ ਢੰਗ ਸਖਲਾਲਏ। ਪੂਰੇਦਸਤੂਰ ਸਖਲਾਏ ਲੋਕਾਂਸਾਰਿਆਂ ਨੂੰ ਵਾਸਤੇ ਲੜਾਈਆਂ ਦੇ ਸਭ ਅਜ਼ਮਾਲਏ। ਹੋਗਏ ਤਿਯਾਰ ਬਰਤਿਯਾਰ ਕਵੀ ਨੰਦ ਸਿੰਘਾ ਪੁਤਲੀ ਦੇ ਵਾਂਗ ਵਿਚ ਤਾਰਦੇ ਨਚਾ ਲਏ। ੪।

ਬੰਦ ਕੀਤਾ ਛੁਟੀਆਂ ਦਾ ਦੂਸਰੇ ਹੁਕਮ ਤਾਈਂ ਥਾਂਓ ਥਾਂਈ ਹੋਈ ਚਿੱਠੀਆਂ ਦੀ ਪੜਤਾਲ ਜੀ। ਤਾਰਾਂ ਭੇਜ ਦਿੱਤੀਆਂ ਸੀ ਛੇਤੀ ਰਛ੍ਹਾ-ਵਾਲਿਆਂ ਨੂੰ ਮਿਲ ਜਾਵੇ ਆਦਮੀ ਜੇ ਲੈਕੇ ਆਓ ਨਾਲ ਜੀ। ਸੱਦ ਲਏ ਰੱਜਪੀਏ ਜੋ ਹੱਕਦਾਰ ਨੌਕਰੀ ਦੇ ਵਿਚੋਂ ਵਿਚੋਂ ਆਖਦੇ ਸੀ ਕੰਮ ਕੁਸਤਾਲ ਜੀ। ਮੰਗਣੇ ਤੇ ਸ਼ਾਦੀਆਂ ਦੇ ਖੋਹਲ ਦਿੱਤਾ ਗਾਂਨਿਆਂ ਨੂੰ ਪੰਡਤਾਂ ਨੂੰ ਪੈਗਿਆ ਛੁਪੰਝੇ ਵਾਲਾ ਕਾਲ ਜੀ। ੫।

ਹੁਕਮ ਸੁਣਾਏ ਸਾਰੇ ਇੰਡੀਆ ਦੇ ਬੇੜਿਆਂ ਨੂੰ ਫਾਲਤੂ ਸਾਮਾਨ ਜੋ ਲਲਾਮ ਕਰਵਾਏ ਹਨ। ਜੰਗ ਨੂੰ ਤਿਯਾਰੀ ਏਕ ਹਫਤੇ ਦੇ ਬਾਦ ਹੋਣੀ ਸੁਣਕੇ ਸਿਪਾਹੀਆਂ ਨੇ ਹੌਸਲੇ ਵਧਾਏ ਹਨ। ਇਕ ਜੋੜਾ ਬਰਦੀ ਤੇ ਗਰਮ ਬਰਾਨ ਕੋਟ ਗੋਲੀ ਗੱਠੇ ਆਮ ਵਿਚ ਝੋਲਿਆਂ ਦੇ ਪਾਏ ਹਨ। ਖਾਣਾ ਦਾਣਾ ਦੇਊ ਸਰਕਾਰ ਕਵੀ ਨੰਦ ਸਿੰਘਾ ਆਖਰੀ ਕਾਨੂੰਨ ਜਰਨੈਲਾਂ ਨੇ ਸੁਣਾਏ ਹਨ। ੬।

### ਮੱਦਤ ਰਾਜੇ ਮਹਾਰਾਜੇ

ਹਿੰਦੂ ਰਜਵਾੜੇ ਸਭ ਜੰਗ ਨੂੰ ਤ੍ਯਾਰ ਹੋਏ ਬੀਕਾ ਨੇਰ ਆਦਕਾਂ

ਦੀ ਥੋੜੀ ਦੀ ਤਦਾਦ ਹੈ। ਗੁਵਾਲੀਅਰ ਮਹਾਂਰਾਜਾ ਫੌਜ ਤੇ ਰਸਾਲਾ ਕੁਝ ਭੁਪਾਲ ਦਰਭੰਗਾ ਸਰਕਾਰ ਤਾਂਈ ਯਾਦ ਹੈ। ਸ੍ਰੀ ਮਾਹਾਂਰਾਜਾ ਪਟਿਆਲਾ ਸਿੱਖ ਕੌਮ ਵਿਚੋਂ ਜੰਗ ਨੂੰ ਤਿਆਰ ਖੁਦ ਲੱਖ ਧਨਵਾਦ ਹੈ। ਸਾਰਿਆਂ ਤੋਂ ਪੈਹਲੇ ਫੌਜਾਂਤੋਰੀਆਂ ਸੀ ਨੰਦਸਿੰਘਾ ਸੂਰਮਾ ਨਸ਼ਾਨਨਾਮ ਜੱਗਤੇਅਬਾਦਹੈ।

## ਜੰਗੀ ਪਲਟਣਾ ਦੇ ਥੋੜੇ ਜੈਸੇ ਨਾਮ

ਚੌਦਾਂ ਅਤੇ ਪੰਦਰਾਂ ਹੈ ਸਿੱਖ ਪੰਨਤਾਲੀ ਜੇਹੜੀ ਪੈਂਤੀ ਛੱਤੀ ਪੈਦਲਾਂ ਮੇ ਖਾਲਸਾ ਸੁਹਾਇਆ। ਤੇਈ ਬੱਤੀ ਤੇਤੀ ਸੰਨਤਾਲੀ ਛੋਟੇ ਕੱਦ ਵਾਲੀ ਨਾਮ ਤ੍ਰਵੰਜਾ ਤੇ ਚੌਰੰਜਾ ਨੇ ਲਖਾਇਆ। ਬਾਹਟ ਤੇ ਛਪੰਜਾ ਸਾਰੇ ਆਏ ਸਰਹੱਦੀਆਂ ਤੋਂ ਨੰਬਰ ਚੁਤਾਲੀ ਜੰਗ ਦੇਖਣੇ ਨੂੰ ਆਇਆ। ਬਾਨਵੇਂ ਤ੍ਰਾਨਵੇਂ ਤੇ ਇੱਕ ਸੌ ਉੱਨਤੀ ਜੇਹੜੀ ਬਾਰਾਂ ਪੈਨੀਅਰਾਂ ਨੇ ਸੀ ਦਸਤਾ ਉਠਾਇਆ। ੮।

9247-5

ਸੱਤ ਰਾਜਪੂਤ ਪੈਹਲੀ ਤੀਸਰੀ ਬ੍ਰਾਹਮਣਾਂ ਦੀ ਅੱਠ ਨੌਂ ਗਿਯਾਰਾਂ ਦਸ ਚਲੀਆਂ ਲੜਾਈ ਨੂੰ। ਤੇਰਾਂ ਇੱਕੀ ਉਨੀਓਂ ਅਠਾਰਾਂ ਇੰਨ-ਫੈਂਟਰੀ ਜੋ ਬਿਆਸੀ ਤੇ ਚੁਰਾਸੀ ਅੱਸੀ ਸਾਥ ਲੈ ਸਤਾਈ ਨੂੰ। ਕੱਤੀ ਉਨਤਾਲੀਓਂ ਬਤਾਲੀ ਤ੍ਰਿਤਾਲੀ ਛਿਯਾਲੀ ਸੋਲਾਂ ਅਠਤਾਲੀ ਕਰਚੱਲੀਆਂ ਝੜਾਈ ਨੂੰ। ਸੱਤਰ ਸਤਾਰਾਂ ਪੱਚੀ ਛੱਬੀ ਦੋ ਪੰਜਾਬੀਆਂ ਨੇ ਕਰਿਆ ਮਦਾਨ ਵਿਚ ਸਫਲਾ ਕਮਾਈ ਨੂੰ। ੯।

ਚੌਤੀ ਅਕਤਾਲੀ ਸੈਂਤੀ ਚੌਵੀ ਇੰਨਫੈਂਟਰੀ ਜੋ ਬਾਈ ਤੇ ਅਠਾਈ ਇਕਵੰਜਾ ਸਿੱਖ ਰੱਲੀਆਂ। ਤ੍ਰੇਹਟ ਛਿਆਹਟ ਤੇ ਉਨੱਤੀ ਟੱਤੀ ਵੀਰ ਫੌਜਾਂ ਨੰਬਰ ਉਨੱਤਰ ਸਤਾਸੀ ਨਾਲ ਚੱਲੀਆਂ। ਨੱਬੇ ਤੇ ਉਨਾਨਵੇਂ ਉਨਾਸੀ ਸਤਵੰਜਾ ਜੇਹੜੀ ਛਿਆਸੀਓਂ ਸਤੱਤਰ ਚੁਰਾਨਵੇਂ ਭੀ ਹੱਲੀਆਂ। ਚਾਲੀ ਤੇ ਨੜਿੰਨਵੇਂ ਤਿਆਰ ਕਵੀ ਨੰਦ ਸਿੰਘਾ ਰੈਹਗੀਆਂ ਨਾਂ ਮੂਲ ਵਿਚ ਛੌਣੀਆਂ ਦੇ ਕੱਲੀਆਂ। ੧੦।

ਠੱਤਰ ਤਰਾਸੀ ਤੇ ਪਚਾਸੀ ਨਾਲ ਕਾਨਵੇਂ ਦੇ ਠਾਸੀ ਤੇ ਅਕਾਸੀ ਨਾਲ ਚੱਲੀ ਹੈ ਅਕਾਨਵੇਂ। ਉਨੰਜਾ ਤੇ ਬਵੰਜਾ ਅਠਵੰਜਾ ਪਚਵੰਜਾ ਕੂਕ ਪੈਂਹਟ ਸਤਾਟ ਔ ਬਹੱਤਰ ਸਤਾਨਵੇਂ। ਭੀਸ ਔਰ ਬੀਸ ਤੇ ਅਠਾ-ਹਟ ਤਿਹੱਤਰ ਨੰਬਰ ਸੱਠ ਤੇ ਉਨਾਹਠ ਪਿਛੇ ਮਿਲ ਗਈ ਛਿਆਨਵੇਂ।

ਚੁਹੱਤਰ ਭਝੱਤਰ ਤਿਯਾਰ ਕਵੀ ਹੌਲਦਾਰਾ ਕਾਹਟ ਚੌਹਠ ਨਾਲ ਰਲ ਗਈਆਂ ਅਠਾਂਨਵੇਂ ।੧੧।

ਗਿਣਤੀ ਕਰਨ ਵਾਲਾ ਕੌਣ ਤੋਪ ਖਾਨਿਆਂ ਦੀ ਲੈਨਾ ਦੀਆਂ ਲੈਨਾ ਟੈਨ ਪੋਡਰਾਂ ਸੁਹਾਈਆਂ। ਭਾਰ ਬੇ ਸ਼ੁਮਾਰ ਯਾਰੋ ਹੈਸੀ ਪੰਜ ਐਂਚੀਆਂ ਦਾ ਲੱਦਕੇ ਤੇ ਗੱਨਰਾਂ ਨੇ ਰੇਲਾਂ ਤੇ ਚੜ੍ਹਾਈਆਂ। ਪੈਨੀਅਰਾਂ ਪਲਟਣਾ ਦਾ ਤਿਆਰ ਹਥਿਆਰ ਸਾਰਾ ਮੋਰਚੇ ਬਨਾਣ ਦੀਆਂ ਖੂਬ ਸਖਲਾਈਆਂ। ਫਾਲਵਰ ਲੋਕ ਪੂਰੀ ਨਫਰੀ ਦੇ ਨੰਦ ਸਿੰਘਾ ਧੂੜ ਦੀਆਂ ਘਟਾਂ ਵਿਚ ਬਦਲਾਂ ਦੇ ਛਾਈਆਂ। ੧੨ ।

ਡਾਕਦਾਰ ਬਾਬੂ ਕੱਠ ਹੋਗਿਆ ਡਰੇਸਰਾਂ ਦਾ ਸ਼ੀਸ਼ੀਆਂ ਅਨੇਕ ਹੈਨ ਰਖੀਆਂ ਸੰਭਾਲਕੇ। ਗਿਣਤੀ ਵਧਾਈ ਹੈ ਸੁਵਾਈ ਡੋਲੀ ਬੈਹਰਿਆਂ ਦੀ ਕੀਤੇ ਹੁਸ਼ਿਆਰ ਸਾਰੇ ਕੰਮ ਨੂੰ ਸਖਾਲਕੇ। ਝਾੜੂ ਵਾਲੇ ਭੰਗੀਆਂ ਤਿਯਾਰੀ ਹੋਈ ਮੇਹਤਰਾਂ ਦੀ ਚਿੱਠੀਆਂ ਰਸੈਣ ਚੱਲੇ ਛੋਟੇ ਛੋਟੇ ਬਾਲਕੇ। ਲਾਂਗਰੀ ਤੇ ਭਿਸ਼ਤੀ ਤਿਯਾਰ ਕਵੀ ਨੰਦ ਸਿੰਘਾ, ਦੇਣਗੇ ਸਿਪਾਹੀਆਂ ਨੂੰ ਭਾਜੀਆਂ ਉਬਾਲਕੇ। ੧੩ ।

ਖੱਚਰਾਂ ਦੇ ਕੋਰ ਹੋਰ ਆਏ ਬੇਸ਼ੁਮਾਰ ਓਥੇ ਭਾਰ ਬਰਦਾਰੀਆਂ ਦੇ ਵਾਸਤੇ ਸੁਣਾਏ ਹਨ। ਊਂਠ ਸਾਰਵਾਂਨ ਸਣੇ ਮੈਹਕਮੇ ਦਰਾਬੀਆਂ ਦੇ ਖਾਤਰ ਲੜਾਈਆਂ ਦੀ ਦੂਰੋਂ ਦੂਰੋਂ ਆਏ ਹਨ। ਨਾਲ ਬੰਦ ਲੋਕ ਚਲੇ ਘੋੜਿਆਂ ਦੀ ਨੌਕਰੀ ਤੇ ਮੋਚੀਆਂ ਤੋਂ ਲੈਕੇ ਲੋੜ ਵਾਸਤੇ ਸੁਣਾਏ ਹਨ। ਦਰਜੀ ਸਲੋਤਰੀ ਤਿਯਾਰ ਕਵੀ ਨੰਦ ਸਿੰਘਾ ਰਾਜ ਨੀਤ ਵਾਲੀ ਸਰਕਾਰ ਨੇ ਬਣਾਏ ਹਨ। ੧੪।

ਡੋਗਰੇ ਤੇ ਮਿਸੀਆਂ ਪੰਜਾਬੀਆਂ ਰਸਾਲੇ ਕੇਈ ਰੈਫਲਸ ਨਾਮ ਦੀਆਂ ਹੋਗੀਆਂ ਤਿਯਾਰ ਜੀ। ਗੋਰਖੇ ਤੇ ਪੂਰਬੀਏ ਜੁੜੇ ਦਲ ਹਿੰਦੂਆਂ ਦੇ ਰਾਜਪੂਤ ਸੂਰਬੀਰ ਉਤਰੇ ਹਜ਼ਾਰ ਜੀ। ਆਈਆਂ ਲਖਨਊ ਦੀਆਂ ਸਭ ਇੰਨ ਫੈਂਟਰੀਆਂ ਸਾਥਿ ਪਿਯਾਰੇ ਇੰਡੀਆ ਦੇ ਜੰਗੀ ਸਰਦਾਰ ਜੀ। ਲਿਖਣੇ ਕੀ ਨਾਮ ਫੌਜਾਂ ਸਾਰੀਆਂ ਦੇ ਨੰਦ ਸਿੰਘਾ ਤਿੰਨ ਲੱਖ ਪੂਰੀ ਹੋ ਗਈ ਸਾਗਰਾਂ ਤੋਂ ਪਾਰ ਜੀ। ੧੫।

ਜੋੜਕੇ ਤੇ ਗਡੀਆਂ ਕਡਾਰ ਬੰਨੀ ਟੇਸ਼ਨਾ ਤੇ ਦੁਨੀਆਂ ਤਮਾਸ਼

ਗੀਰ ਦੇਖਣੇ ਕੋ ਆਈ ਸੀ। ਹੋਗਏ ਅਸਵਾਰ ਜਦੋਂ ਬੱਜੀਆਂ ਸਲਾਮੀਆਂ ਸੀ ਬਾਬੂਆਂ ਨੇ ਤਾਰ ਵਾਲੀ ਘੰਟੀ ਵੀ ਹਲਾਈ ਸੀ। ਕਲਾ ਨੂੰ ਮਰੋੜਕੇ ਚਲਾਈਆਂ ਪੌਣ ਪੁਤਰੀਆਂ ਲੈਣਾ ਉੱਤੇ ਗਡੀਆਂ ਨੇ ਛੈਹਬਰ ਲਗਾਈ ਸੀ। ਰਾਮ ਰਾਮ ਹਿੰਦੂਆਂ ਦੀ ਫਤੇ ਬੋਲੀ ਖਾਲਸੇ ਦੀ ਜੋਰ ਦੀ ਸਲਾਮ ਦੀਨ ਵਾਲਿਆਂ ਅਲਾਈ ਸੀ। ੧੬।

ਐਸੀ ਜੋਰ ਦੀ ਚਲਾਈ ਨਾਲ ਪੌਣ ਦੇ ਰਲਾਈ ਜੈਸੇ ਉਡ ਦੀ ਹਵਾਈ ਧੂੰਆਂ ਚੱਲਿਆ ਅਕਾਸ਼ ਨੂੰ। ਮਾਰਦੀ ਸੀ ਚੀਕ ਆਵੇ ਟੇਸਣ ਨਜ਼ੀਕ ਐਸੀ ਰਖਦੀ ਤੁਫੀਕ ਪੂਰੇ ਬੰਦਿਆਂ ਦੀ ਆਸ ਨੂੰ। ਅੱਗ ਪਾਣੀਆਂ ਦਾ ਜੋਰ ਕੋਲੇ ਮੰਗਦੀ ਹੈ ਹੋਰ ਫੇਰ ਚਲੇ ਘਨ ਘੋਰ ਨਹੀਂ ਰੋਕਦੀ ਸੁਵਾਸ ਨੂੰ। ਇੰਦਣ ਵਿਚਾਰਾ ਲਾਰਾ ਗਡੀਆਂ ਦਾ ਭਾਰਾ ਪਿਛੇ ਕਦੇ ਕਦੇ ਮਾਰਦੀ ਸੀ ਜੋਰ ਨਾਲ ਨਾਸ ਨੂੰ। ੧੭।

ਲੋਹਾ ਤਾਂਬਾ ਧਾਂਤ ਕੱਠੀ ਕਰਕੇ ਦਨਾਈ ਨਾਲ ਕੈਸੀ ਅਸਵਾਰੀ ਦੇਖੋ ਰੇਲ ਦੀ ਬਣਾਈਐ। ਪਾਣੀ ਅਤੇ ਕੋਲਾ ਇਕ ਭਾਫ ਦੇਕੇ ਅਗਨੀ ਦੀ ਅਕਲਾਂ ਦੇ ਨਾਲ ਬਿਨ ਬਲਦਾਂ ਚਲਾਈਐ। ਨਾੜੀਆਂ ਸਮਾਨ ਕਲਾਂ ਹੈਨ ਵਿਚ ਇੰਦਣਾ ਦੇ ਕੈਸੀ ਰਫਤਾਰ ਨਾਲ ਪੌਣ ਦੇ ਰਲਾਈਐ। ਛਡ ਜਾਂਦੀ ਮਜਲਾਂ ਹਜ਼ਾਰ ਕਵੀ ਹੌਲਦਾਰਾ ਚੀਰ ਦੀ ਪਹਾੜੀਆਂ ਨਾ ਥੱਕਦੀ ਥਕਾਈਐ। ੧੮।

ਪਸ਼ੌਰ ਤੇ ਲਹੌਰ ਰੌਲ ਪਿੰਡੀਓਂ ਰਵਾਨ ਹੋਈ ਲੁਦੇਹਾਨਾ ਸ਼ੈਹਰ ਅੰਬਾਲਿਆਂ ਦੇ ਗੇੜ ਨੂੰ। ਸਰਸਾ ਰੇਵਾੜੀ ਦਿੱਲੀ ਛੱਡ ਚੱਲੀ ਘੰਟਿਆਂ ਮੇਂ ਬੀਕਾਨੇਰ ਵਿਚ ਦੀ ਬੜੋਦਿਆਂ ਦੇ ਗੇੜ ਨੂੰ। ਜੋਧ ਪੁਰਾ ਜੈਪੁਰਾ ਨੂੰ ਛੋਡ ਅਜਮੇਰ ਚੱਲੀ ਦੂਰੋਂ ਦੂਰੋਂ ਮਾਰ ਦੀ ਸਟੇਸ਼ਨਾ ਦੇ ਟੇਹੜ ਨੂੰ। ਪਾੜਦੀਆਂ ਲੈਨਾ ਬੇਸੁਮਾਰ ਕਵੀ ਨੰਦ ਸਿੰਘਾ ਲੈਗੀ ਹੈ ਕਰਾਚੀ ਵਿਚ ਇੰਡੀਆ ਦੇ ਹੇੜ ਨੂੰ। ੧੯।

### ਆਮ ਪਿੰਡਾਂ ਵਿਚ ਔਰਤਾਂ ਦੀਆਂ ਗੱਲਾਂ

ਪਿੰਡਾਂ ਵਿਚ ਕੱਠ ਕੀਤੇ ਆਣਕੇ ਜਨਾਨੀਆਂ ਨੇ ਰੋਣਾ ਧੋਣਾ ਪਿੱਟਣਾ ਨਕਾਰੀ ਬਾਣ ਪਈ ਜੇ। ਆਂਢੀਆਂ ਗੁਵਾਢੀਆਂ ਦੇ ਪਾਸ ਜਾਕੇ ਬੋਲਦੀਆਂ ਪੁਤਰ ਅਸਾਡੇ ਅਜ ਪਹੁੰਚ ਗਏ ਬੰਬਈ ਜੇ। ਪੈਹਲੀ ਆਖੇ

ਦੂਸਰੀ ਨੂੰ ਪੁਤਰ ਪਯਾਰਾ ਮੇਰਾ ਲਗਦੀ ਨਾ ਭੁਖ ਜਾਣੀ ਜਾਨ ਮੇਰਾ ਗਈ ਜੇ। ਦੂਸਰੀ ਸੁਣਾਵੇ ਭੈਣੇਂ ਗਲ ਕਾਹਨੂੰ ਛੇੜਦੀ ਹੈਂ ਤੇਰੇ ਵਾਲਾ ਦੁਖ ਮੇਰੇ ਕਾਲਜੇ 'ਚਿ ਹਈ ਜੇ। ੧।

ਆਖਦੀ ਸੀ ਤੀਸਰੀ ਨੀ ਮਰ ਜਾਏ ਠਾਣੇ ਦਾਰ ਕਰਕੇ ਜ਼ਮਾਨਤਾਂ ਡਰਾਵਾ ਦੇਕੇ ਲੈਗਿਆ। ਚੌਥੀ ਆਖੇ ਪੁਤ ਖਾਣਾ ਪੈਂਚ ਅਗਵਾੜ ਵਿਚ ਪਿਛੇ ਸਾਡੇ ਘਰ ਦੇ ਸ਼ਰੀਕੇ ਨਾਲ ਪੈਗਿਆ। ਪੰਜਵੀਂ ਸੁਣਾਵੇ ਕਢੇ ਗਾਲਾਂ ਜ਼ੈਲਦਾਰ ਜੀ ਨੂੰ ਵੱਡਾ ਪੁਤ ਚਲਿਆ ਤੇ ਛੋਟਾ ਪਿਛੇ ਰੈਗਿਆ। ਛੀਵੀਂ ਆਖੇ ਭੁਲਦੀ ਨਾ ਗਲ ਮੈਨੂੰ ਹੌਲਦਾਰਾ ਮਥਾ ਟੇਕ ਮਾਈ ਜੀ ਪਿਆਰ ਨਾਲ ਕੈਹ ਗਿਆ। ੨।

ਸਤਵੀਂ ਸੁਣਾਵੇ ਦਿਓਰ ਮੇਰਾ ਉਠ ਚਲਿਆ ਸੀ ਚੜ੍ਹਦੀ ਜਵਾਨੀ ਸੋਹਣਾ ਸੁੰਦਰ ਜੁਆਨ ਨੀ। ਸੌਂਹ ਦੋਹਾਂ ਭਾਈਆਂ ਦੀ ਮੰਦਾ ਕਦੇ ਬੋਲਿਆ ਨਾ ਮਿੱਠੀ ਮਿੱਠੀ ਮੇਰੇ ਨਾਲ ਬੋਲਦਾ ਜਬਾਨ ਨੀ। ਸਾਕ ਛੋਟੀ ਭੈਣ ਦਾ ਲਿਆਈ ਮੰਗ ਪਾਮਿਆਂ ਤੋਂ ਸੋਈ ਉਠ ਚਲਿਆ ਲੜਾਈ ਦੇ ਮਦਾਨ ਨੀ। ਏਹੋ ਜੀ ਦੁਹਾਈ ਹੋਈ ਪਿੰਡ ਪਿੰਡ ਨੰਦ ਸਿੰਘਾ ਔਰਤਾਂ ਨੂੰ ਰੋਣੇ ਬਿਨਾਂ ਦੂਸਰਾ ਗਿਆਨ ਨੀ। ੩।

ਦੋਹਰਾ -
ਘੰਟਿਆਂ ਅੰਦਰ ਪਹੁੰਚੀਆਂ, ਘਾਟ ਕਰਾਚੀ ਜਾਨ।
ਉਨੀ ਚੌਦਾਂ ਈਸਵੀ, ਦੋ ਅਕਤੂਬਰ ਮਾਨ। ਬੈਂਤ।

ਰੋਲ ਕਾਲਜਾਂ ਹੋਈ ਡਵੀਜ਼ਨਾਂ ਦੀ ਸਾਂਭ ਲਏ ਸੀ ਸਭ ਸਾਮਾਨ ਛੇਤੀ।
ਡਾਕਦਾਰੀਆਂ ਕੀਤੀਆਂ ਡਾਕਦਾਰਾਂ ਮਾਨਵਰਾਂ ਦੇ ਉਤੇ ਚੜ੍ਹਾਨ ਛੇਤੀ।
ਫੌਜਾਂ ਸਾਰੀਆਂ ਹੋ ਅਸਵਾਰ ਗਈਆਂ ਲੈਕੇ ਆਪਣੇ ਹੱਥੀਂ ਨਸ਼ਾਨ ਛੇਤੀ।
ਸਮਝੋ ਤਿੰਨ ਅਕਤੂਬਰਦੀ ਗਲਸਾਰੀ ਸਨ ਉਨੀ ਸੌ ਚੌਦਾਂ ਪਛਾਨ ਛੇਤੀ।
ਬਿਗਲ ਕੂਚਦਾ ਹੋਗਿਆ ਜੰਗੀਆਂ ਨੂੰ ਧੂਏਂਧਾਰਤੇ ਘਟਾ ਹੋ ਜਾਨ ਛੇਤੀ।
ਆਰ ਕਾਟੀਆਂ ਨੇ ਪਾਏ ਵੈਹਣ ਲੰਬੇ ਅੱਗੇ ਔਣਗੇ ਨਹੀਂ ਤੁਫਾਨ ਛੇਤੀ।
ਪਿਛੇ ਲਗਿਆ ਸੀ ਇਕ ਦੂਸਰੇ ਦੇ ਰਸਤੇ ਪਾਣੀਆਂ ਵਿਚ ਬਨਾਨ ਛੇਤੀ।
ਅਕਲਵੰਦ ਕਪਤਾਨ ਚਲੌਣ ਵਾਲੇ ਸਿਧੇ ਨੱਕ ਦੀ ਸੇਧ ਲੈਜਾਨ ਛੇਤੀ।
ਅੱਗ ਪਾਣੀਤੇ ਕੋਲੇਦਾ ਜ਼ੋਰ ਦੇਕੇ ਵਿਚ ਈਸਟ ਅਫਰੀਕਾ ਪੁਚਾਨ ਛੇਤੀ।
ਅਧੇ ਸਵੀਸ ਫਰਾਂਸ ਨੂੰ ਗਏ ਸਿੱਧੇ ਨੰਦਸਿੰਘ ਤੂੰ ਕਰੀ ਬਿਆਨ ਛੇਤੀ।

## ਫੌਜਾਂ ਦਾ ਪਹੁੰਚਣਾ

ਫੌਜਾਂ ਲੱਥੀਆਂ ਜਾ ਮਦਾਨ ਅੰਦਰ ਵਿਚ ਈਸਟ ਅਫਰੀਕਾ ਦੇ ਸ਼ੋਰ ਹੋਯਾ।
ਹੈਸੀ ਕੱਠ ਚੰਗੇ ਓਥੇ ਜਰਮਨਾਂ ਦਾ ਐਪਰ ਸਾਡੀ ਸ੍ਰਕਾਰ ਦਾ ਜ਼ੋਰ ਹੋਯਾ।
ਮੱਲੇ ਮੋਰਚੇ ਇੰਡੀਆ ਪਲਟਨਾਂ ਨੇ ਚੰਗਾ ਜੰਗ ਦੋ ਤ੍ਰਫੀਓਂ ਘੋਰ ਹੋਯਾ।
ਕੀਤੇ ਨਾਲ ਮੁਕਾਬਲੇ ਦੁਸ਼ਮਨਾਂ ਦੇ ਜਿਥੇ ਜਮਾਂ ਕਮਸਰੇਟ ਸਟੋਰ ਹੋਯਾ।
ਗਰਮ ਰਹੀ ਲੜਾਈ ਮਹੀਨਿਆਂ ਤੋਂ ਨਰਮ ਗੰਨ ਮਸ਼ੀਨਾਂ ਦਾ ਬੋਰ ਹੋਯਾ।
ਜਿੱਤ ਹੋਈ ਅਖੀਰ ਨੂੰ ਇੰਡੀਆ ਦੀ ਐਪਰ ਜ਼ਖਮੀਆਂ ਫੇਰ ਦਾ ਫੇਰ ਹੋਯਾ।
ਜਾਨਾਂ ਦਿੱਤੀਆਂ ਬਹੁਤ ਬਹਾਦਰਾਂ ਨੇ ਕੰਮ ਜਿਨ੍ਹਾਂ ਦਾ ਹੋਰ ਦਾ ਹੋਰ ਹੋਯਾ।
ਮਿਲੇ ਹੈਨ ਵਿਕਟੋਰੀਏਜੀਓਂ ਵਿਆਂ ਨੂੰ ਮਰ ਗਿਆਂ ਦਾ ਓਥੇ ਹੀ ਗੋਰ ਹੋਯਾ।
ਕਬਜਾ ਰਾਜ ਅੰਗ੍ਰੇਜ਼ੀ ਦਾ ਨੰਦਸਿੰਘਾ ਸਾਰੇ ਈਸਟ ਅਫਰੀਕਾਦੀਓਰਹੋਯਾ।

## ਤਥਾ ਫਰਾਂਸ ਦੇ ਹਾਲ

ਏਹੀ ਹਾਲ ਫਰਾਂਸ ਦੇ ਵਿਚ ਗੁਜ਼ਰੇ ਖਤਮ ਹੋਏ ਬ੍ਰਿਗੇਡ ਹਜ਼ਾਰ ਓਥੇ।
ਬੰਦੀ ਮੋਰਚਾ ਨਹੀਂ ਮਦਾਨ ਪੈਹਲੇ ਏਸੇ ਵਾਸਤੇ ਲਹੇ ਸਥਾਰ ਓਥੇ।
ਲੱਥੇ ਘਾਣ ਬਗਾਨਿਆਂ ਪੁਤ੍ਰਾਂ ਦੇ ਧਰਤੀ ਸਹੇ ਨਾ ਮੁਰਦਿਆਂ ਭਾਰ ਓਥੇ।
ਲਿਖਣ ਲਗਿਆਂ ਕਾਲਜਾ ਕੰਬਦਾਏ ਐਸਾ ਬੀਤਿਆ ਸੀ ਸਮਾਚਾਰ ਓਥੇ।
ਰਫਲ ਤੋਪ ਤੇ ਹੋਰ ਮਸ਼ੀਨਗੰਨਾਂ ਹੈਸੀ ਬੰਬ ਦਾ ਬਹੁਤ ਪ੍ਰਚਾਰ ਓਥੇ।
ਮਿਟੇ ਨਾਮ ਨਿਸ਼ਾਨ ਬਟਾਲੀਆਂ ਦੇ ਟੁਟ ਗਏ ਭਰਾਓ ਹੰਕਾਰ ਓਥੇ।
ਕੀੜੀ ਜਿੰਨਾਂ ਭੀ ਤਰਸਨਾਂਆਦਮੀ ਦਾ ਐਸਾ ਜੰਗ ਹੋਯਾਕੋਹਰਦਾਰ ਓਥੇ।
ਪਾਲ ਮਾਵਾਂ ਨੇ ਕਰੇ ਜੁਆਨ ਜੇਹੜੇ ਪਏ ਲੰਮੀਆਂ ਤਾਣ ਸਰਦਾਰ ਓਥੇ।
ਧੰਨ ਕੁਦਰਤਾਂ ਤੇਰੀਆਂ ਰੱਬ ਸਚੇ ਭਾਣਾ ਕੋਈ ਨਾ ਸੱਕਿਆ ਟਾਰ ਓਥੇ।
ਜੈਸਾ ਹੁਕਮ ਅਕਾਲ ਦਾ ਨੰਦ ਸਿੰਘਾ ਸੋਈ ਦਿਤਾ ਬਰਤਾਇ ਕਰਤਾਰਓਥੇ।

## ਤਥਾ

ਫੌਜਾਂ ਗੋਰੀਆਂ ਕਾਲੀਆਂ ਜਮਾਂ ਓਥੇ ਐਸਾ ਸਜਿਆ ਜੰਗ ਮੈਦਾਨ ਲੋਕੋ।
ਸਰਦੀ ਠੰਢ ਬੇਓੜਕੀ ਰਹੇ ਬਾਰਸ਼ ਰੋਜ ਬਰਸਦੇ ਰਹੇ ਤੁਫਾਨ ਲੋਕੋ।
ਕੱਚੇ ਮੋਰਚੇ ਦੇਣ ਤਕਲੀਫ ਡਾਢੀ ਦੁਖੀ ਬਹੁਤ ਹੋਯਾ ਹਿੰਦੁਸਤਾਨ ਲੋਕੋ।
ਐਪਰ ਕਰਨ ਮੁਹੱਬਤਾਂ ਲੋਕ ਸਾਰੇ ਕਰਦੇ ਆਪਣੀ ਜਾਨ ਕੁਰਬਾਨ ਲੋਕੋ।
ਗੋਲੀ ਚਲਦੀ ਰਹੀ ਦਿਨ ਰਾਤ ਓਥੇ ਹੋਯਾ ਲੱਖ ਹਜ਼ਾਰ ਨੁਕਸਾਨ ਲੋਕੋ।

ਦਬਾ ਦੱਬ ਚਲਨ ਸਾਰੇ ਤੋਪਖਾਨੇ ਉਡਨ ਪਏ ਜਹਾਜ਼ ਅਸਮਾਨ ਲੋਕੋ।
ਫੈਰ ਬੰਬ ਦਾ ਨਹੀਂ ਸੀ ਬੰਦ ਹੋਯਾ ਕੈਸਾ ਦੱਸੀਏ ਨਾਲ ਜ਼ੁਬਾਨ ਲੋਕੋ।
ਚੰਗੇ ਹਥ ਵਖਾਏ ਸੀ ਜਰਮਨਾਂ ਨੂੰ ਐਪਰ ਖੂਹਣੀਆਂਖਪਦੀਆਂਜਾਨ ਲੋਕੋ।
ਆਖਰਕਾਲੀਆਂਫੌਜਾਂਰਿਟਿਆਰਹੋਈਆਂ ਸਰਦੀਝੱਲਨਾਸਕਦੇਜੁਆਨ ਲੋਕੋ।
ਸਿਰਫ ਰਹੇ ਰਸਾਲੇ ਅਖੀਰ ਤਾਈਂ ਲਹੇ ਵਿਚ ਫਰਾਂਸ ਦੇ ਘਾਨ ਲੋਕੋ।
ਬਸਰਾ ਜੰਗ ਹੋਯਾ ਸ਼ੁਰੂ ਨੰਦ ਸਿੰਘਾ ਕੱਠਾ ਹੋਗਿਆ ਅਰਬਸਤਾਨ ਲੋਕੋ।

## ਫਰਾਂਸ ਦਾ ਝਾਕਾ। ਸ਼ਰੀਫ ਛੰਦ

ਬਸਤੀ ਫਰਾਂਸ ਦੀ ਸੁਰਗ ਨਾਲ ਦੀ। ਠੰਢੀ ਸਰਦਾਈ ਰਹੇ ਪੂਰੇ ਸਾਲ ਦੀ। ਰਖਦੇ ਹਰੇਕ ਨਾਲ ਮੁਲਾਕਾਤ ਨੂੰ। ਆਦਮੀ ਸ਼ਰੀਫ ਨਾ ਕਰਨ ਘਾਤ ਨੂੰ। ਬਚਿਆਂ ਤੋਂ ਲੈਕੇ ਹੋਰ ਜੋ ਜਨਾਨੀਆਂ। ਕੌੜੀ ਨਾ ਜ਼ੁਬਾਨ ਬੋਲਦੀਆਂ ਦਾਨੀਆਂ। ਖਾਣ ਪੀਣ ਵਾਸਤੇ ਅਨੇਕਾਂ ਦਾਰੀਆਂ। ਇੰਡੀਆ ਦੇ ਉਤੋਂ ਹੈਨ ਜਾਨਾਂ ਵਾਰੀਆਂ। ਪਰ ਅਫਸੋਸ ਭਾਰੀ ਜੰਗ ਮੱਚਿਆ। ਕੁਦਰਤ ਤੇਰੀ ਕਰਤਾਰ ਸੱਚਿਆ। ਏਸ਼ੀਆ ਤੇ ਯੂਰਪਾਂ ਨੂੰ ਭੀੜਾਂ ਪੈ ਗੀਆਂ। ਡੁਬਕੇ ਤੇ ਬੇੜੀਆਂ ਵਿਚਾਲੇ ਬੈਹਗੀਆਂ। ਲੱਖਾਂ ਤੇ ਕਰੋੜਾਂਇਨ-ਸਾਨ ਖੱਪਿਆ। ਕੈਰੋਂ ਅਤੇ ਪਾਂਡਵਾਂ ਤੋਂ ਅਗੇ ਟੱਪਿਆ।ਸੁੰਦਰ ਜੁਆਨ ਕੀ ਤਰੀਫ ਕਰੀਏ। ਛਿਪ ਗਏ ਅਨੇਕਾਂ ਰਬਾ ਤੈਥੋਂ ਡਰੀਏ। ਸਤਿਜੁਗ ਬੀਤ ਕੇ ਤ੍ਰੇਤਾ ਮੁੱਕਿਆ। ਦੁਆਪਰ ਦੇ ਪਿਛੋਂ ਕਲੂਕਾਲ ਢੁੱਕਿਆ। ਲੱਗਿਆ ਨਾਂ ਅਜ ਤਾਈਂ ਐਸਾ ਜੰਗ ਰੇ। ਦੁਨੀਆਂ ਤਮਾਮ ਯਾਰੋ ਹੋਈ ਤੰਗ ਰੇ। ਖੇਤ ਕਿਰਸਾਣਾਂ ਦੇ ਜਿਉਂ ਪਈਆਂ ਪੂਲੀਆਂ। ਰੁਲ ਗਈਆਂ ਦੇਹਾਂ ਰੇਸ਼ਮਾਂ ਤੋਂ ਕੂਲੀਆਂ। ਲੰਮੇ ਲੰਮੇ ਸਿਖਾਂ ਦੇ ਰੁਲਾਏ ਕੇਸ ਜੀ। ਲੇਟ ਗਏ ਫਰਾਂਸ ਵਿਚ ਛੋਡ ਦੇਸ ਜੀ। ਹਿੰਦੂਆਂ ਦੇ ਗਾਤਰੇ ਜਨੇਊ ਸੱਜਣੋਂ। ਖਾਲੀ ਕਲਬੂਤ ਪਏ ਬਿਨਾਂ ਭੱਜਣੋਂ। ਕੀਤੀਆਂ ਹਜਾਮਤਾਂ ਮੁਸਲਮਾ-ਨਿਆਂ। ਚਲੇ ਸੀ ਲੜਾਈ ਹਥ ਬੰਨ੍ਹ ਗਾਨਿਆਂ। ਗੋਰਿਆਂ ਦੇ ਗੋਰੇ ਗੋਰੇ ਗੋਰੇ ਰੰਗ ਸੇ। ਚੜ੍ਹਦੀ ਜੁਆਨੀ ਸੂਖਮਾਂ ਦੇ ਅੰਗ ਸੇ। ਅਫਸਰਾਂ ਦੇ ਲੱਕੀਂ ਯਾਰੋ ਹੈਨ ਪੇਟੀਆਂ। ਹਥੀ ਪਸਤੌਲ ਨਾ ਕਿਸੇ ਨੇ ਮੇਟੀਆਂ। ਬੋਲਦੇ ਨਾਂ ਆਦਮੀ ਬੁਲਾਏ ਨੇਮ ਨੂੰ। ਗੁਟਾਂ ਨਾਲ ਘੜੀਆਂ ਬਤੌਣ ਟੈਮ ਨੂੰ। ਚੌਵੀ ਘੰਟੇ ਪੂਰੇ ਚਲੀਆਂ ਵਿਚਾਰੀਆਂ। ਆਖਰਾਂ ਨੂੰ ਚੁਪ ਕਰ

ਗਈਆਂ ਸਾਰੀਆਂ। ਲਾਟ ਜਰਨੈਲ ਕਰਨੈਲ ਸੂਰਮੇ। ਛੋਟੇ ਮੋਟੇ ਰੰਕ ਚਲੇ ਪੈਹਲੇ ਪੂਰ ਮੇਂ। ਤੋੜਦੇ ਸ਼ਰੀਫ ਛੰਦ ਹੌਲਦਾਰ ਜੀ। ਦਸਿਆ ਨਾ ਜਾਵੇਸਾਰਾ ਸਮਾਚਾਰ ਜੀ॥

ਤਥਾ

ਕੈਸੀ ਏ ਫਰਾਂਸ ਦੀ ਲੜਾਈ ਦੱਸੀਏ। ਦੇਖਕੇ ਮਦਾਨ ਵਿਚ ਪੈਂਦੀ ਗਸ਼ੀ ਏ। ਕਦਮ ਕਦਮ ਉਤੇ ਬੰਬ ਚੱਲਿਆ। ਹੋਇਕੇ ਦਲੇਰ ਸੂਰਿਆਂ ਨੇ ਝੱਲਿਆ। ਕਾਨੀ ਮੇਰੀ ਲਿਖਦੀ ਸੰਖੇਪ ਭਾਵ ਨੂੰ। ਐਸੀ ਤਕਲੀਫ ਹੋਈ ਰੰਕ ਰਾਵ ਨੂੰ। ਤੋਪ ਤੇ ਬੰਦੂਕ ਵਾਲੀ ਕਰੋ ਬਾਤ ਨਾ। ਬੈਠਦੇ ਅਰਾਮ ਨਾਲ ਦਿਨੇ ਰਾਤ ਨਾ। ਖੇਖਰੀ ਸੁਕੀਨ ਓਥੇ ਚੱਲੀ ਜੋਰ ਦੀ। ਨਫਰੀ ਮੁਕਾਈ ਕੱਠੀ ਫੋਰ ਫੋਰ ਦੀ। ਦੰਦੀਆਂ ਦੀ ਸੱਜਣੋ ਲੜਾਈ ਹੋਈ ਐ। ਫੌਜੀਆਂ ਦੀ ਫੌਜੀਆਂ ਨੇ ਰੱਤ ਚੋਈ ਐ। ਬਰਛੀ ਕਟਾਰ ਤਲਵਾਰ ਚਲਦੀ। ਘਟ ਚੱਲੀ ਗਿਨਤੀ ਅਨੇਕ ਦੱਲ ਦੀ। ਟੁੱਟ ਗਈਆਂ ਯਾਰੀਆਂ ਮਦਾਨ ਜਾਇਕੇ। ਵਰਤੀ ਫਰਾਂਸ ਉਤੇ ਭਾਵੀ ਆਇਕੇ। ਐਸਾ ਓਥੇ ਵਾਹਿਗੁਰੂ ਕਰੋਪ ਹੋਇਆ। ਕੀੜੀਆਂ ਸਮਾਨ ਅਨਸਾਂਨ ਮੋਇਆ। ਦੇਂਦੇ ਗੁਡ ਮੌਰਨੀਆਂ ਗਲਾਸ ਬੀਰ ਦੇ। ਅਜ ਓਥੇ ਭਾਈਆਂ ਨੂੰ ਭਾਈ ਚੀਰ ਦੇ। ਹਲੋ ਮਾਈ ਡੀਅਰ ਫਰੈਂਡਥੈਂਕੀਓ। ਅਜ ਗੋਲੇ ਬੰਬ ਦੇ ਹਜ਼ਾਰਾਂ ਫੈਂਕੀਓ। ਸੁੰਦਰ ਮਕਾਨ ਉਚੀਆਂ ਅਟਾ-ਰੀਆਂ। ਕੀਤੀਆਂ ਸਫਾਇ ਗੋਲਿਆਂ ਨੇ ਸਾਰੀਆਂ। ਅਕਲਾਂ ਤੇ ਵਿਦਿਯਾ ਦਨਾਈ ਭੁੱਲੀਆਂ। ਅਜ ਤਕਦੀਰਾਂ ਯੂਰਪਾ ਤੇ ਝੁੱਲੀਆਂ। ਚਲੀਆਂ ਜ਼ਨਾਨੀਆਂ ਲੜਾਈ ਵਾਸਤੇ। ਕਠ ਕਲਜੋਗਣਾ ਦੇ ਹੋਏ ਮਾਸ ਤੇ। ਨੰਦ ਸਿੰਘ ਬੋਲਦਾ ਕਹਾਣੀ ਜੰਗ ਦੀ। ਚੰਦਰੀ ਲੜਾਈ ਰੋਜ ਮੌਤ ਮੰਗਦੀ॥

ਦੋਹਰਾ—ਸੁਣਿਆ ਹਾਲ ਸੁਵੀਸ ਦਾ ਸੋ ਭੀ ਕਰੂੰ ਬਿਯਾਨ।
ਸਿਰਾਂ ਧੜਾ ਦੇ ਮਾਮਲੇ ਤਲੀਆਂ ਉਪਰ ਜਾਨ।

ਬੈਂਤ

ਓਥੇ ਜੰਗ ਚਰੋਕਣਾ ਮੁਦਤਾਂ ਦਾ ਭਾਰੇ ਕਈ ਬ੍ਰਗੇਡ ਨਿਖੁਟ ਗਏ।
ਕੀਤੇ ਬਹੁਤ ਨੁਕਸਾਨ ਹਵਾਈਆਂ ਨੇ ਬੈਠੇ ਗੈਸ ਦੇ ਨਾਲ ਹੋ ਗੁਟ ਗਏ।

ਨੇੜੇ ਲਗਦੀ ਤੁਰਕ ਦੀ ਰਾਜਧਾਨੀ ਗੋਲੇ ਗਜਬ ਦੇ ਓਸ ਤੇ ਛੁਟ ਗਏ।
ਚੱਲੇ ਪਈ ਮਸ਼ੀਨ ਤੇ ਤੋਪਖਾਨੇ ਕੈਂਪਾਂ ਦਿੰਦਿਆਂ ਦਿੰਦਿਆਂ ਹੁਟ ਗਏ।
ਗਿੱਨਤੀ ਕਰਨ ਵਾਲਾਕੋਣਮੁਹਦਿਆਂਦੀ ਕਵੀਲੋਕਭੀਮੁੱਠੀਆਂ ਘੁਟ ਗਏ।
ਬੰਦੀ ਮੋਰਚਾ ਹੋਈ ਦੋਪਾਸਿਆਂ ਦੀ ਦਮ ਲੜਦਿਆਂ ਲੜਦਿਆਂਟੁਟਗਏ।
ਚੰਗੇ ਜ਼ੋਰ ਦਿੱਤੇ ਉਥੇ ਤੁਰਕੀਆਂ ਨੇ ਲੈਣਾ ਬੰਨਕੇ ਜੋਟੀਆਂ ਸੁਟ ਗਏ।
ਕਈ ਬਾਰ ਸਕੀਨਾ ਦੇ ਵਾਰ ਹੋਏ ਫੌਜੀ ਗੋਰਖੇ ਪੀ ਚੂਹਟ ਗਏ।
ਦਿੱਤਾ ਜੋਰ ਪਿਛੋਂ ਸਾਰੇ ਇੰਡੀਆਂ ਨੇ ਲੰਬੀ ਚਾਲ ਨੂੰ ਸੂਰਮੇ ਸੁਟ ਗਏ।
ਕੈਂਪ ਲਾਏ ਸੀ ਹਿੰਦੂਆਂ ਮੁਸਲਮਾਨਾਂ ਬੀਰ ਖਾਲਸੇ ਮਾਰਨੇ ਲੁਟ ਗਏ।
ਐਪਰ ਕਿਲੇ ਬਹੁਤੇ ਓਥੇ ਤੁਰਕੀਆਂ ਦੇ ਨਹੀਂ ਪੈਰ ਪਿਛਾਹਾਂ ਨੂੰ ਪੁਟਗਏ।
ਨੰਬਰ ਪੰਦਰਾਂ ਸਿੱਖ ਨਿਰੋਲ ਜੇਹੜਾ ਜੰਗ ਵਾਸਤੇ ਚੂਰਮੇਂ ਕੁਟ ਗਏ।
ਓਥੇ ਕੰਮ ਤਕਦੀਰਾਂ ਦੇ ਨੰਦ ਸਿੰਘਾ ਮਰ ਗਏ ਜਹਾਨ ਤੋਂ ਛੁਟ ਗਏ।

## ਨੰਬਰ ਚੌਦਾਂ ਸਿਖ ਫੌਜ ਦੀ ਬਹਾਦਰੀ

ਤੁਰਕੀ ਬਾਦਸ਼ਾਹੀ ਯਾਰ ਜਰਮਨੀ ਦੀ ਦੇਕੇ ਮੱਦਤਾਂ ਜੰਗ ਵਧਾਯਾ ਸੀ।
ਦੁਦਨਿਯਾਲ ਸੀ ਜਗਾਦਾਨਾਮਰੋਸ਼ਨ ਜੇਹੜਾ ਬਹੁਤਮਜ਼ਬੂਤ ਬਨਾਯਾ ਸੀ।
ਗੋਲੀ ਪੋਲੀ ਭੀ ਓਸਨੂੰ ਕੈਹਣ ਬਹੁਤੇ ਦੋਵੇਂ ਨਾਮ ਅਨਕੂਲ ਬਤਾਯਾ ਸੀ।
ਦਿੱਤੇ ਜੋਰ ਹਿੰਦੁਸਤਾਨੀਆਂਪਲਟਣਾਂਨੇ ਐਪੁਬਹੁਤਨੁਕਸਾਨ ਉਠਾਯਾ ਸੀ।
ਕੋਈ ਪੇਸ਼ ਨਾਂ ਮੁਲਕ ਪਹਾੜੀਆਂਦਾ ਖੁਫੀਆਂ ਦੁਸ਼ਮਣਾਜੋਰ ਜਮਾਯਾ ਸੀ।
ਹੱਲੇ ਕਰਦਿਆਂ ਕਰਦਿਆਂ ਖਤਮ ਹੋਏ ਗੋਲਾ ਮੀਂਹ ਦੇ ਵਾਂਗ ਬਰਸਾਯਾਸੀ।
ਚੌਦਾਂ ਨੰਬਰ ਜੋ ਸਿੱਖ ਬਹਾਦਰਾਂ ਦੀ ਪੱਲਾ ਸੰਤਰੋਂ ਅਗੇ ਵਧਾਯਾ ਸੀ।
ਚਾਰ ਜੂਨ ਤਰੀਖ ਦੀ ਗਲ ਸਮਝੋ ਸਨ ਪੰਦਰਾਂ ਬੋਲ ਸੁਣਾਯਾ ਸੀ।
ਗਏ ਟੁਟ ਮਲਾਪ ਤਕਦੀਰ ਵਲੋਂ ਪਾਸਾ ਕਿਸਮਤਾਂ ਅਜ ਹਰਾਯਾ ਸੀ।
ਅੱਗੋਂ ਰੈਪਡ ਮਸ਼ੀਨਾਂ ਦੇ ਫੈਰ ਹੋ ਗਏ ਦੇਖਣ ਵਾਲਿਆਂ ਜੰਗਸੁਹਾਯਾਸੀ।
ਜਾਨਾਂ ਵਾਰੀਆਂ ਸਿੱਖ ਬਹਾਦਰਾਂ ਨੇ ਨਹੀਂ ਕੌਮ ਨੂੰ ਦਾਗ ਲਗਾਯਾ ਸੀ।
ਪੁਰਜਾ ਪੁਰਜਾ ਹੋਗਏ ਗੁਰਵਾਕ ਉਤੇ ਕਰਕੇ ਨਿਮਕਹਲਾਲਦਿਖਾਯਾ ਸੀ।
ਏਹੀ ਕੰਮ ਹੁੰਦੇ ਯਾਰੋ ਸੂਰਿਆਂ ਦੇ ਚੌਦਾਂ ਸਿਖ ਨੇ ਜੋ ਕਮਾਯਾ ਸੀ।
ਥੋੜੇ ਬਚੇ ਬਾਕੀ ਸਾਰੀ ਫੌਜ ਵਿਚੋਂ ਨੰਦ ਸਿੰਘ ਨਾਂ ਬੈਂਤ ਵਧਾਯਾ ਸੀ।

--੦--

## ਕਵੀਸ਼ਰ ਵਲੋਂ

ਦਾਤਾ ਸੋਈ ਜੋ ਸੀਸ ਨੂੰ ਦਾਨ ਕਰਦਾ ਸਾਧ ਸੋਈ ਧਨਮਾਲਤਿਆਗਹੋਵੇ।
ਨਾਰ ਸੋਈ ਜੋ ਪਤੀ ਪਤਿਬ੍ਰਤਾ ਹੋਵੇ ਪੈਹਰੇ ਦਾਰ ਜੋ ਬਹੁਤ ਸੁਜਾਗ ਹੋਵੇ।
ਯਾਰ ਸੋਈਵਿਚ ਮੁਸ਼ਕਲਾਂਰਹੇ ਸਾਥੀ ਫੱਕਰ ਸੋਈ ਜੋ ਦਿਲੋਂ ਵੈਰਾਗ ਹੋਵੇ।
ਗੁਰੂ ਸੋਈ ਗਿਆਨ ਦਾ ਰਾਹ ਦਸੇ ਸੋਈ ਕਪੜਾ ਜੋ ਬਿਨਾ ਦਾਗ ਹੋਵੇ।
ਮਰਦ ਸੋਈ ਜੁਬਾਨ ਦੀ ਭਰੇ ਹਾਮੀ ਚੋਰ ਸੋਈ ਨਾਂ ਮਾਰਿਆ ਭਾਗ ਹੋਵੇ।
ਨੌਕਰ ਸੋਈ ਜੋ ਨਿਮਕ ਹਲਾਲ ਕਰਦਾ ਸੋਈ ਮੰਤ੍ਰੀ ਤੇਜ ਦਿਮਾਗ ਹੋਵੇ।
ਸੂਦਾਰ ਸੋਈ ਜੋ ਅਕਲ ਦਨਾਈ ਰਖੇ ਪੇਟ ਭਰਨ ਦਾ ਨਾਂ ਬਾਗੋਬਾਗਹੋਵੇ।
ਪੁਤਰ ਸੋਈ ਜੋ ਪਾਲਦਾ ਆਗਿਆਨੂੰ ਵਸਤੀਸੋਈਜੋ ਲਗਿਆਬਾਗ ਹੋਵੇ।
ਜੁਬਾਂਨ ਸੋਈ ਜੋ ਵਿਚ ਮਿਠਾਸ ਹੋਵੇ ਦਿਲ ਖੁਸ਼ੀ ਜੋ ਸੁਣੀ ਦਾ ਰਾਗ ਹੋਵੇ।
ਕਵੀ ਸੋਈ ਜੋ ਤਿੰਨ ਰਸ ਕੈਮ ਰੱਖੇ ਸ਼ਾਂਤ ਬੀਰ ਸ਼ਿੰਗਾਰ ਦੀ ਜਾਗ ਹੋਵੇ।
ਰਾਜਾ ਸੋਈ ਜੋ ਸੱਚ ਨਿਯਾਉਂ ਕਰਦਾ ਹਾਕਮਸੋਈਜੋ ਵੱਢੀ ਬੇਲਾਗ ਹੋਵੇ।
ਭਾਈ ਸੋਈ ਜੋ ਰੈਹਣਪਿਆਰ ਸੇਤੀ ਜੀਵਨ ਕੀਹ ਜੋ ਦੂਏਦੀ ਝਾਗ ਹੋਵੇ।
ਫੌਜ ਸੋਈ ਜੇਹੜੀ ਚੌਦਾਂ ਸਿੱਖ ਜੈਸੀ ਭਾਣੇ ਵੈਰੀਆਂਦੇ ਕਾਲਾ ਨਾਗ ਹੋਵੇ।
ਨੰਦ ਸਿੰਘ ਜਹਾਨ ਤੇ ਨਾਮ ਰੌਸ਼ਨ ਪੰਥ ਖਾਲਸੇ ਦੇ ਘਰੀ ਫਾਗ ਹੋਵੇ।

## ਸ਼ਰੀਫ ਛੰਦ

ਜੋੜਕੇ ਸ਼ਰੀਫ ਛੰਦ ਦੱਸਾਂ ਹਾਲ ਨੂੰ। ਕੋਰੜੇ ਦੇ ਮਗਰ ਦੁੜਾਊਂ ਚਾਲ ਨੂੰ। ਸਿੱਖਾਂ ਦੀਆਂ ਸੂਰਤਾਂ ਸ਼ਹੀਦ ਹੋਗੀਆਂ। ਰੱਜ ਕਲਜੋਗਣਾ ਅਨੰਦ ਹੋਗੀਆਂ। ਮੋਰਚੇ ਨੂੰ ਲੈਲਿਆ ਸੰਗੀਨਾਂ ਚਾੜਕੇ। ਚੱਲੇ ਅੱਗੇ ਵੈਰੀਆਂ ਦੇ ਢਿੱਡ ਪਾੜਕੇ। ਪ੍ਰਿਥਵੀ ਤੇ ਲਹੂ ਦੇ ਨਾਲੇ ਚੱਲ ਗਏ। ਸ਼ਿਵਾਂ ਦੇ ਸੰਘਾਸਨਾ ਦੇ ਪਾਵੇ ਹੱਲ ਗਏ। ਕੈਰੋਂ ਅਤੇ ਪਾਂਡੋ ਸਾਰੇ ਹੋਗਏ ਮਾਤ ਨੂੰ। ਚਲਦੀ ਮਸ਼ੀਨਗੰਨ ਦਿਨੇ ਰਾਤ ਨੂੰ। ਧੋਖੇ ਨਾਲ ਵੈਰੀਆਂ ਨੇ ਦੂਰੋਂ ਛੰਡੀਆਂ। ਹੋਗਈਆਂ ਪੰਜਾਬਣਾਂ ਅਨੇਕਾਂ ਰੰਡੀਆਂ। ਮੌਤ ਬੇਈ ਮਾਨਣੀ ਨੇ ਤੰਬੂ ਤਾਣਿਆਂ। ਕੇਹੜਾ ਮੋੜ ਦੇਵੇ ਰੱਬਦਿਆਂ ਭਾਣਿਆਂ। ਨਦੀਆਂਦਾਪਾਨੀਲਾਲੋਲਾਲ ਹੋਗਿਆਨੰਦਸਿੰਘਾ ਸੂਰਿਆਂਦੇਰੱਤਚੋਗਿਆ।

## ਮਰਗਿਆਂ ਦੇ ਵੈਣ

ਮਰਗਿਆਂ ਪੁਤਾਂ ਦੀਆਂ ਮਾਵਾਂ ਰੋਂਦੀਆਂ। ਕਰਕੇ ਸਿਆਪਾ ਸਿਰੋਂ

ਵਾਲ ਖੋਹਦੀਆਂ। ਤੇਰਾ ਮੇਰਾ ਪੁਤਰਾ ਵਿਛੋੜਾ ਪੈਗਿਆ। ਮਰ ਜਾਵੇ ਤੈਨੂੰ ਜੇਹੜਾ ਸਾਥ ਲੈਗਿਆ। ਆਖ ਰਹੀਂ ਬੱਚਿਆ ਮੈਂ ਰਹੀਂ ਘਰੇ ਵੇ। ਚੰਦਰੀ ਨਮਾਣੀ ਮੌਤ ਰੈਂਦੀ ਪਰੇ ਵੇ। ਆਖ ਰਹੀ ਪੁਤਾ ਮੈਂ ਕਟਾ ਲੈ ਨਾਮ ਨੂੰ। ਲਗਦਾ ਜੇ ਆਖੇ ਕਾਹਨੂੰ ਜਾਂਦਾ ਲਾਮ ਨੂੰ। ਤੇਰਾ ਸੱਲ ਪੁਤਰਾ ਮੈਂ ਕਿਵੇਂ ਜਰੂੰਗੀ। ਸੰਖੀਆ ਮੰਗਾਕੇ ਅਜ ਘੋਲ ਮਰੂੰਗੀ। ਫੇਰ ਕੈਂਹਦੀ ਭੈਣ ਵੇ ਮੈਂ ਲੁਟੀ ਵੀਰਨਾ। ਤੇਰਾ ਨਾਮਲੈਕੇ ਅਜ ਪਾਂਉ ਕੀਰਨਾ। ਮੇਰੇ ਕੋਲੋਂ ਤੁਰਿਆ ਤੂੰ ਵੀਰਵਾਰ ਨੂੰ।. ਪੈਗਿਆ ਵਿਛੋੜਾ ਮੈਨੂੰ ਦੁਖਜ਼ਾਰ ਨੂੰ। ਤੇਰੇ ਬਿਨਾ ਕਿਸ ਦੀ ਕਰੂੰ ਉਡੀਕ ਵੇ। ਉਠਦੀ ਕਲੇਜੇ ਵਿਚ ਮੇਰੇ ਡੀਕ ਵੇ। ਅਜ ਤੇਰੀ ਵੀਰਨਾ ਲਾਹੀ ਮੁਕਾਣ ਵੇ। ਜਾਇਕੇ ਫਰਾਂਸ ਵਿਚ ਲਗੇ ਬਾਣਵੇ। ਆਈ ਤੇਰੇ ਮੇਲ ਨੂੰ ਪਿਆਰੀ ਭੈਣ ਮੈਂ। ਬੈਠ ਤੇਰੇ ਸੋਗ ਵਿਚ ਪਾਏ ਵੈਣ ਮੈਂ। ਵੀਰ ਤੇਰੇ ਵੈਰੀ ਮਰਜਾਣ ਕੋਹੜਕੇ॥ ਪੱਟਾਂ ਉਤੇ ਮਾਰਦੀ ਹਾਂ ਹਥ ਜੋੜਕੇ। ਚੰਦਰੀ ਲੜਾਈ ਵੀਰਾ ਮੇਰੇ ਭਾਗ ਦੀ। ਬੱਤੀ ਗੁਲ ਹੋਗੀ ਜਗਦੇ ਚਰਾਗ ਦੀ। ਵੀਰ ਤੇਰੇ ਵੈਰੀਆਂ ਨੂੰ ਪੈਜੇ ਮੌਤ ਵੇ। ਦੁਨੀਆਂ ਦੇ ਉਤੋਂ ਉਠ ਜਾਣ ਔਤ ਵੇ। ਨੰਦ ਸਿੰਘਾ ਦੇਖ ਤਕਦੀਰ ਰੱਬ ਦੀ। ਚੰਗੀ ਮੰਦੀ ਓਸੇ ਵਾਹਿਗੁਰੂ ਨੂੰ ਫੱਬ ਦੀ।

## ਵਹੁਟੀਆਂ ਦੇ ਵੈਣ

ਪਿਟ ਦੀਆਂ ਨਾਰੀਆਂ ਵੇ ਹੈ ਹੈ ਲਾੜਿਓ। ਫੁਟ ਗਏ ਤੁਸੀਂ ਵੀ ਨਸੀਬੋਂ ਮਾੜਿਓ। ਅਜ ਅਸੀਂ ਹੋ ਗਈਆਂ ਜਹਾਨੋਂ ਰੰਡੀਆਂ। ਕਪੜੇ ਤੇ ਗੈਹਣੇ ਭੱਠ ਪਈਆਂ ਡੰਡੀਆਂ। ਹਾਰ ਤੇ ਸ਼ਿੰਗਾਰ ਅਸੀਂ ਕਾਹਨੂੰ ਲਾਉਣੇ। ਤੁਸੀ ਕਦੇ ਮੁੜਕੇ ਨਾ ਫੇਰੇ ਪਾਉਣੇ। ਹੈਵੇ ਐਵੇ ਜਾਣਿਆਂ ਤੂੰ ਮਰੇਂ ਜਰਮਨਾਂ। ਆਈ ਤੈਨੂੰ ਪਾਪੀਆ ਵੇ ਕੋਈ ਸ਼ਰਮ ਨਾਂ। ਡੁਬ ਜਾਏ ਬੇੜੀ ਅਜ ਤੇਰੇ ਰਾਜ ਦੀ। ਹੋਵੇ ਜੋ ਕਰੋਪੀ ਸਚੇ ਮਹਾਰਾਜ ਦੀ। ਅਜੇ ਮੁਕਲਾ-ਵਿਆਂ ਦਾ ਸਾਨੂੰ ਚਾਓ ਵੇ। ਮਾਲਕ ਸ਼ੁਕੀਨ ਸਾਡੇ ਦਿਤੇ ਘਾਓ ਵੇ। ਮੇਹ-ਦੀਆਂ ਸੁਹਾਗ ਦੀਆਂ ਅਜ ਖੋਹਲੀਆਂ। ਰੰਡੀਆਂ ਹਜ਼ਾਰਾਂ ਬਣ ਗਈਆਂ ਟੋਲੀਆਂ। ਪੱਟੀਆਂ ਸੰਧੂਰੀਆਂ ਮੇਂ ਪਾਈ ਖਾਕ ਵੇ। ਟੁਟ ਗਏ ਅਜ ਮਾਲਕਾਂ ਦੇ ਸਾਕ ਵੇ। ਬੰਨਕੇ ਤੇ ਸੰਦਲੇ ਨੂੰ ਅਸੀਂ ਰੋਂਦੀਆਂ। ਉਮਰ ਜੁਆਨੀ ਵਿਚ ਨਹੀਂ ਸੋਂਹਦੀਆਂ। ਹੋਗਈਆਂ ਦੁਹਾਜਣਾ ਤਕੋਣ ਹੋਰ ਵੇ।

ਬਿਨ ਮੁਕਲਾਈਆਂ ਨੂੰ ਪੈ ਗਏ ਸ਼ੋਰ ਵੇ। ਦਿਲਾਂ ਦੀਆਂ ਸਾਡੇ ਦਿਲਾਂ ਵਿਚ ਵੈਹਗਈਆਂ। ਖੋਹਲ ਕੇ ਪਰਾਂਦੇ ਕੋਲੇ ਲੱਗ ਬੈਹ ਗੀਆਂ। ਨੌਕਰ ਸਹੇੜਕੇ ਕੀ ਨਫਾ ਖੱਟਿਆ। ਕਰਮ ਸੰਜੋਗ ਨਾਂ ਕਿਸੇ ਤੋਂ ਹੱਟਿਆ। ਮਾਪਿਆਂ ਤਲੰਗਿਆਂ ਦੇ ਪੱਲੇ ਪਾਈਆਂ। ਸੋਈ ਵੇ ਜਹਾਨਾਂ ਸਾਡੇ ਪੇਸ਼ ਆਈਆਂ। ਹੁਣ ਦੂਜੀ ਵਾਰ ਸਾਡੇ ਮੁੱਲ ਪੈਣਗੇ। ਰੱਜ ਕੇ ਰੁਪਈਏ ਮਾਈ ਬਾਪ ਲੈਣਗੇ। ਜੱਟਾਂ ਨਾਲ ਸਾਡੇ ਜੇ ਤਾਂ ਹੁੰਦੇ ਮੰਗਣੇ। ਐਸੇ ਕਦੇ ਪੈਂਦੇ ਨਾ ਜ਼ਰੂਰ ਭੰਗਣੇ। ਰੁਖੀ ਮਿੱਸੀ ਖਾਇਕੇ ਅਨੰਦ ਭੋਗਦੇ। ਪੈਹਨਣੇ ਨਾ ਪੈਂਦੇ ਅਜ ਬਾਣੇ ਸੋਗ ਦੇ। ਚਾਦਰੀਆਂ ਚਿੱਟੀਆਂ ਨੂੰ ਦੇਖ ਭੁਲੀਆਂ। ਚੜ੍ਹਦੀ ਜੁਆਨੀ ਵਿਚ ਖਾਕ ਰੁਲੀਆਂ। ਸੁਣੋ ਖਾਂ ਸਹੇਲੀਓ ਸਾਡੀ ਸਲਾਹ ਨੀ। ਨੌਕਰਾਂ ਦੇ ਨਾਲ ਨਾ ਕਰਾਇਓ ਬਿਆਹ ਨੀ। ਸਾਡੇ ਨਾਲ ਦੇਖੋ ਨੀ ਕਮਾ ਗਏ ਠੱਗੀਆਂ। ਕਿਸਮਤ ਆਪਣੀ ਨੂੰ ਰੋਣੇ ਲੱਗੀਆਂ। ਤੇਰੇ ਅਗੇ ਵਾਹਿਗੁਰੂ ਅਸੀ ਪੁਕਾਰੀਆਂ। ਰੰਡੀਆਂ ਲੜਾਈ ਵਿਚ ਹੋਕੇ ਸਾਰੀਆਂ। ਰੱਖੀਂ ਸਾਡੀ ਲਜਿਆ ਕਰਨ ਕਾਰਨਾ। ਵਿਛਿਆਂ ਵਕਾਰਾਂ ਵਿਚੋਂ ਮਿਲੇ ਹਾਰ ਨਾ। ਨੰਦ ਸਿੰਘਾ ਬਨਿਆਂ ਕੀ ਹੌਲਦਾਰ ਤੂੰ। ਬਦੀਆਂ ਬਖੀਲੀਆਂ ਦਾ ਰਿਹਾ ਯਾਰ ਤੂੰ।

## ਐਮਡਨ ਜਹਾਜ਼ ਦਾ ਹਾਲ। ਬੈਂਤ

ਐਮਡਨਨਾਮਜਹਾਜ਼ ਇਕ ਜਰਮਨੀਦਾ ਪੈਕੇਖਾੜੀਆਂਵਿਚ ਮਸ਼ਹੂਰਹੋਯਾ।
ਕੀਤੇ ਬਹੁਤ ਨੁਕਸਾਨ ਪੈਸੰਜਰਾਂ ਦੇ ਸੱਚੇ ਰੱਬ ਕੋਲੋਂ ਮਗਰੂਰ ਹੋਯਾ।
ਕਪਤਾਨ ਓਸਦਾਸੀ ਚੰਗੀ ਅਕਲਵਾਲਾ ਮਾਨਵਰਾਂਤੋਂ ਭੱਜਕੇ ਦੂਰ ਹੋਯਾ।
ਧੋਖੇ ਬਾਜੀਆਂ ਨਾਲ ਜਹਾਜ਼ ਡੋਬੇ ਰੌਸ਼ਨ ਨਾਮ ਓਹਦਾ ਦੂਰ ਦੂਰ ਹੋਯਾ।
ਡਾਕੂ ਹੋ ਗਿਆ ਵਿਚ ਸਮੁੰਦਰਾਂ ਦੇ ਜਿਊਣੇ ਮੌੜ ਕੋਲੋਂ ਭਰਪੂਰ ਹੋਯਾ।
ਖੋਹੇ ਭਾਰ ਬਰਦਾਰ ਜਹਾਜ਼ ਕੇਈ ਤੇ ਬੰਬਈ ਕਰਾਚੀ ਫਤੂਰ ਹੋਯਾ।
ਜੀਊਣਾ ਕੀ ਜਹਾਨ ਤੇ ਨੰਦ ਸਿੰਘਾ ਜੀਹਦੇ ਪਾਸ ਨਾ ਕੋਈ ਦਸਤੂਰ ਹੋਯਾ।

## ਅਠਾਈ ਤਰੀਕ ਪੀਨਾਂਗ ਦਾ ਹਾਲ

ਅਠਾਈ ਤ੍ਰੀਕ ਅਕਤੂਬਰ ਦੀ ਗਲ ਦਸਾਂ ਸੰਨ ਉਨੀਸੌ ਚੌਦਾਂ ਪ੍ਰਤੱਖਲੋਕੋ।
ਭੇਸ ਬਦਲਕੇ ਸ਼ੈਹਰ ਪੀਨਾਂਗ ਲਗਾ ਬੇਈ ਮਾਨੀ ਦੀ ਧਾਰਕੇ ਅੱਖ ਲੋਕੋ।
ਅੰਤਰਯਾਮੀ ਨਾ ਕੋਈ ਖੁਟਾਈਆਂ ਦਾ ਮਿਤਰ ਕੀਤਾਸੀ ਜਾਣਕੇ ਪੱਖਲੋਕੋ।

ਭੇਦ ਪਾਇਕੇ ਸਾਰਾ ਪੀਨਾਂਗ ਵਾਲਾ ਤੋਪਾਂ ਬੀੜੀਆਂ ਲਾਨਤਾਂ ਲੱਖ ਲੋਕੋ।
ਦਿਤੇ ਡੋਬ ਜਹਾਜ਼ ਦੋ ਘਾਟ ਉਤੇ ਗਿਆ ਭਜਕੇ ਚੋਰ ਦਾ ਕੱਖ ਲੋਕੋ।
ਏਸੇ ਤਰਾਂ ਹੀ ਹੋਰ ਨੁਕਸਾਨ ਕੀਤੇ ਕੈਦੀ ਹੋਗਿਆ ਮਾਰਕੇ ਝੱਖ ਲੋਕੋ।

### ਸ਼ਰੀਫ ਛੰਦ

ਇਕ ਰੋਜ ਲੰਬੀਆਂ ਦਲੀਲਾਂ ਕੀਤੀਆਂ। ਧਾਰਕੇ ਹੰਕਾਰ ਨੂੰ ਸ਼ਰਾਬਾਂ ਪੀਤੀਆਂ। ਲਾ ਲਿਆ ਜਹਾਜ਼ ਛੇਤੀ ਨਾਲ ਘਾਟਦੇ। ਬਣ ਗਏ ਖਲਾਸੀ ਲੋਕ ਪੁਤ ਲਾਟ ਦੇ। ਕੋਕੋ ਦੀ ਪਹਾੜੀ ਦਾ ਕਨਾਰਾ ਦਸਿਆ। ਮਲਾਏ ਦੇ ਨਜ਼ੀਕ ਸੀ ਜਜ਼ੀਰਾ ਵੱਸਿਆ। ਉਤਰੇ ਸ਼ਤਾਬੀ ਨਾਲੇ ਤਾਰਾਂ ਕੱਟੀਏ। ਖਬਰਾਂ ਨੂੰ ਬੰਦ ਕਰ ਨੇਕੀ ਖੱਟੀਏ। ਮਾੜੀ ਤਕਦੀਰ ਜਦੋਂ ਆਵੇ ਸੱਜਣੋਂ। ਹਟ ਜਾਂਦੀ ਬੀਨ ਜੋਗੀਆਂ ਦੀ ਵਜਣੋਂ। ਅਕਲ ਸ਼ਹੂਰ ਸਾਰੀ ਜਾਵੇ ਹੱਲ ਜੀ। ਹੋਣੀ ਜਦੋਂ ਬੈਠਦੀ ਮਦਾਨ ਮੱਲ ਜੀ। ਮਾਨਵਰ ਸੂਰਮਾਂ ਜਹਾਜ਼ ਆ ਗਿਆ। ਐਮਡਨ ਉਤੇ ਯਾਰੋ ਨ੍ਹੇਰ ਛਾ ਗਿਆ। ਪੋਰੀ ਪੋਰੀ ਭੰਨ ਐਮਡਨ ਤੋੜਿਆ। ਕੈਦੀਆਂ ਨੂੰ ਫੜਕੇ ਪਿਛਾੜੀ ਮੋੜਿਆ। ਲਿਆ ਕਪਤਾਨ ਫੌਜੀਆਂ ਨੂੰ ਜੂੜ ਜੀ। ਹੋ ਗਿਆ ਸਹਾਈ ਜੋ ਕਮਾਇਆ ਕੂੜ ਜੀ। ਕੈਦੀਆਂ ਨੂੰ ਸਿੰਘਾ ਪੁਰ ਵਿਚ ਘੱਲਿਆ। ਧੋਖੇ ਦਾਰ ਬੇੜਾ ਦੁਨੀਆਂ ਤੋਂ ਚੱਲਿਆ।

### ਕਵੀਸ਼ਰ ਵਲੋਂ ਬੈਂਤ

ਸਦਾ ਝੂਠ ਫਰੇਬ ਨਾ ਕੰਮ ਰਹਿੰਦੇ ਦਾਵੇ ਠੱਗੀਆਂ ਸਾਥ ਰਖਾਈਏ ਨਾ।
ਉਤੋਂ ਹੋਰ ਤੇ ਅੰਦਰੋਂ ਹੋਰ ਹੋਣਾ ਧੋਖੇ ਬਾਜੀਆਂ ਸਦਾ ਰਖਾਈਏ ਨਾ।
ਬੋਲ ਤੋਲ ਦੀ ਅੰਤ ਨੂੰ ਜੀਤ ਹੋਵੇ ਗੁਣ ਕਿਸੇ ਦਾ ਕੀਤਾ ਭੁਲਾਈਏ ਨਾ।
ਗਿੱਠ ਨਿਉਂਦਿਆਂਨੂੰ ਨਿਵੇਂ ਚਾਰਗਿੱਠਾਂ ਸਗੋਂ ਆਕੜਾਂਹੋਰ ਦਖਾਈਏ ਨਾ।
ਸਚੇ ਆਦਮੀ ਸਦਾ ਅਟੱਲ ਦੁਨੀਆਂ ਡਾਕੂਝੂਠ ਵਾਲੇ ਦੇਖਣ ਪਾਈਏ ਨਾ।
ਨੇਕੀ ਨੇਕ ਤੇ ਬਦੀ ਬਖੀਲ ਖੱਟਣ ਹਛੇ ਕੰਮ ਤੋਂ ਜ਼ਰਾ ਸ਼ਰਮਾਈਏ ਨਾ।
ਚਲੇ ਗਏ ਬਦਨਾਮੀਆਂ ਕਰਨ ਵਾਲੇ ਪੂੰਜੀ ਧਰਮਦੀਕਦੇ ਗਵਾਈਏ ਨਾ।
ਦੇਖੋਐਮਡਨਦਾ ਨਾਮਨਸ਼ਾਨ ਨਾਹੀਂ ਨੰਦਸਿੰਘ ਹਰਿਨਾਮ ਭੁਲਾਈਏ ਨਾ।

### ਤਥਾ

ਕੀ ਮੈਂ ਦਸਾਂ ਲੜਾਈ ਦੇ ਹਾਲ ਯਾਰੋ ਜਾਦੂਗਰੀ ਦਾ ਆਨ ਪ੍ਰਚਾਰ ਹੋਯਾ।

ਪੈਹਲੇ ਤੀਰ ਕਮਾਨਾਂ ਦੇ ਜੁਧ ਹੁੰਦੇ ਚੱਕਰ ਬਰਛੀਆਂ ਖੰਡਾ ਦੋਧਾਰ ਹੋਯਾ।
ਫੇਰ ਤੋਪ ਤੇ ਰੈਫਲ ਬਣਾਈ ਲੋਕਾਂ ਪਿਛੋਂ ਗਨ ਮਸ਼ੀਨ ਤਿਆਰ ਹੋਯਾ।
ਬੁਧੀ ਦੌੜਦੀ ਗਈ ਜਹਾਨ ਉਤੇ ਪੈਰੋ ਪੈਰ ਤੇ ਬੰਦਾ ਹੁਸ਼ਿਆਰ ਹੋਯਾ।
ਮਥੇ ਸਾਹਮਣੇ ਕਰਨ ਲੜਾਈਆਂ ਨੂੰ ਜਿਥੋਂ ਲਾਇਕੇ ਏਹ ਸੰਸਾਰ ਹੋਯਾ।
ਐਪਰ ਏਸ ਜ਼ਮਾਨੇ ਦੇ ਹਾਲ ਦੇਖੋ ਜਾਮਨ ਸਜਣੋਂ ਵਿਚ ਕਰਤਾਰ ਹੋਯਾ।
ਉਡਣ ਕਲਾ ਹਵਾਈ ਅਕਾਸ਼ ਉਤੇ ਜਾਨਵਰਾਂ ਦੇ ਨਾਲ ਰਫਤਾਰ ਹੋਯਾ।
ਧੂਏਂ ਗੈਸ ਦੇ ਨਾਲ ਬੇਹੋਸ਼ ਹੁੰਦੇ ਅਕਲ ਵਾਲਿਆਂ ਦਾ ਬੇੜਾ ਪਾਰ ਹੋਯਾ।
ਗੋਲੇ ਬੰਬ ਦੇ ਵਿਚ ਹਵਾਈਆਂ ਦੇ ਜੰਗ ਧਰਤੀ ਅਸਮਾਨ ਵਿਚਕਾਰਹੋਯਾ।
ਹੋਣਾ ਪਵੇ ਅਸਚਰਜ ਸਰੋਤਿਆਂ ਨੂੰ ਐਸਾ ਜੰਗ ਵਾਲਾ ਸਮਾਚਾਰ ਹੋਯਾ।
ਛਡ ਗਏ ਤ੍ਰੇਤੇ ਦੁਆਪੁਰਾਂ ਨੂੰ ਮਿਲਕੇ ਸਾਰਿਆਂ ਹਥ ਕਟਾਰ ਹੋਯਾ।
ਅਸਟਰੀਹੰਗਰੀ ਜਰਮਨੀ ਖਾਸ ਤੁਰਕੀ ਬਲਗੇਰੀਆਭੀਮਦਤਗਾਰ ਹੋਯਾ।
ਏਧਰਰੂਸਫਰਾਂਸ ਇੰਗਲੈਂਡਸਾਥੀ ਇਟਲੀਸਰਵੀਆਬਿਲਜਮੀਯਾਰ ਹੋਯਾ।
ਪੰਜ ਲਖ ਸਿਪਾਹੀ ਰੁਮਾਨੀਏ ਦਾ ਨਾਲ ਸਾਥੀਆਂ ਦੇ ਖਬਰਦਾਰ ਹੋਯਾ।
ਦੁਸ਼ਮਨ ਹੋਗਿਆਸੀ ਇਕ ਦੂਸਰੇ ਦਾ ਕੋਈਨਹੀਂ ਜੋ ਬਾਝ ਹਥਜਾਰ ਹੋਯਾ।
ਏਸੇ ਤਰਾਂ ਹੋ ਗੁਜ਼ਰੀਆਂ ਬਹੁਤ ਵਾਰੀ ਪਰਲੋ ਹੋਇਕੇ ਨ੍ਹੇਰ ਗੁਬਾਰ ਹੋਯਾ।
ਹੁਣ ਮੈਂ ਛਡਦਾ ਇਹ ਪ੍ਰਸੰਗ ਏਥੇ ਫੌਜ ਆਪਣੀ ਵਲ ਰਟਿਆਰ ਹੋਯਾ।
ਮੁਢੋਂ ਲਾਇਕੇ ਹਾਲ ਸੁਣਾਊਂਸਾਰਾ ਸਾਡਾਜਿਵੇਂ ਕਰਨੈਲ ਤਿਆਰ ਹੋਯਾ।
ਭਾਰੀ ਜੰਗ ਜਹਾਨ ਤੇ ਨੰਦ ਸਿੰਘਾ ਉਤੇ ਪ੍ਰਿਥਵੀ ਦੇ ਡਾਢਾ ਭਾਰ ਹੋਯਾ।

## ਸਾਡੀ ਫੌਜ ਦਾ ਬਰਤਾਂਤ। ਦੋਹਿਰਾ

ਵਿਚ ਮਲਾਏ ਮੁਲਕ ਦੇ, ਰਹੇ ਅਸਾਡੀ ਫੌਜ।
ਕਿਸੇ ਜਗਾ ਨਾ ਬਦਲਦੇ, ਬੈਠੇ ਕਰਦੇ ਮੌਜ। ੧।
ਨਾਮ ਗਾਇਡ ਸੀ ਏਸ ਦਾ, ਹੱਛੀ ਕਰੇ ਕੁਵੈਦ।
ਵਿਚ ਨਿਸ਼ਾਨੇ ਬਾਜੀਆਂ, ਰਖਦੇ ਸਦਾ ਉਮੈਦ। ੨।

## ਸਾਡੀ ਫੌਜ ਦੇ ਕਾਨੂਨ

ਸਾਡੀ ਫੌਜ ਦੇ ਅਸਲ ਕਾਨੂਨ ਜੇਹੜੇ ਦੱਸਾਂ ਬੋਲਕੇ ਸਭ ਜ਼ੁਬਾਨ ਤੋਂ ਜੀ।
ਰੈਹਣਾ ਵਿਚ ਮਲਾਏ ਸਟੇਟ ਅੰਦਰ ਨਹੀਂ ਹਿਲਣਾ ਏਸ ਕੁਮਾਨ ਤੋਂ ਜੀ।
ਟਾਪੂ ਏਸ ਅੰਦਰਡਿਊਟੀਮੁਦਤਾਂਦੀ ਕਰਦੇ ਨੌਕਰੀ ਸਚ ਈਮਾਨ ਤੋਂ ਜੀ।

ਕਿਧਰੇ ਜਾਣਦੇ ਨਹੀਂ ਸੇਸਾਇਨਸਾਡੇ ਕਮੀਕੋਈਨਾ ਪੂਰੇਸਾਮਾਨ ਤੋਂ ਜੀ।
ਪਿਆ ਜੰਗ ਦਾ ਮਾਮਲਾ ਹੌਲਦਾਰਾ ਨਫਾ ਖੱਟੀਏ ਏਸ ਦੁਕਾਨ ਤੋਂ ਜੀ।

ਤਥਾ

ਕਠੇ ਹੋ ਸ੍ਰਦਾਰਾਂ ਸਲਾਹ ਕੀਤੀ ਅਗੇ ਜਾਣਦੇ ਢੰਗ ਬਣਾਈਏ ਜੇ।
ਭਾਵੇਂ ਹੁਕਮ ਨਾਹੀਂ ਕਿਤੇ ਜਾਵਣੇ ਦਾ ਐਪਰ ਮਦਤਾਂ ਠੀਕ ਪੁਚਾਈਏਜੇ।
ਪਿਆ ਜ਼ੋਰ ਲੜਾਈ ਦਾ ਐਸ ਵੇਲੇ ਕਰਕੇ ਨਿਮਕ ਹਲਾਲ ਦਖਾਈਏ ਜੇ।
ਔਕੜ ਬਣੀ ਸ੍ਰਕਾਰ ਨੂੰ ਬਹੁਤ ਭਾਰੀ ਨਾਲ ਫੌਜੀਆਂ ਦੁਖ ਵੰਡਾਈਏ ਜੇ।
ਪਹੁੰਚੇ ਕਈ ਬ੍ਰਿਗੇਡ ਨੇ ਹਿੰਦ ਵਿਚੋਂ ਕਠੇ ਹੋਇਕੇ ਅਰਜ਼ ਸੁਣਾਈਏ ਜੇ।
ਕੀਤੇ ਸਹੀ ਜਾਂ ਸਾਰਿਆਂ ਖੁਸ਼ੀ ਹੋਕੇ ਪੱਲੇ ਗੋਲੀ ਬਾਰੂਦ ਨੂੰ ਪਾਈਏ ਜੇ।
ਹੋਈ ਲੰਡਨੋਂ ਫੌਜ ਮਨਜ਼ੂਰ ਸਾਡੀ ਨੰਦ ਸਿੰਘ ਸਭ ਹਾਲ ਬਤਾਈਏ ਜੇ।

ਸਾਡੀ ਤਿਆਰੀ

ਲੀਸ ਨਾਮ ਕਰਨੈਲ ਕੁਮਾਨਕਰਦਾ ਤੁਰਨਾਜੰਗ ਨੂੰ ਖੁਸ਼ੀਮਨਾਉਂਦਾ ਸੀ।
ਆਯਾ ਸਿਖਤ੍ਰਿਵੰਜਾ ਦੀ ਫੌਜ ਵਿਚੋਂ ਚੰਗਾ ਦਿਲੋਂ ਦਲੇਰ ਸਦਾਉਂਦਾ ਸੀ।
ਦਿਤੇ ਹੁਕਮ ਸਾਮਾਨ ਸੰਭਾਲਣੇ ਦੇ ਤਿਆਰੀ ਕੂਚਦੀ ਝਟ ਕਰਾਉਂਦਾ ਸੀ।
ਠੀਕ ਛੱਬੀ ਤ੍ਰੀਕ ਸਤੰਬਰ ਦੀ ਨੂੰ ਤੁਰ ਜਾਣਦੇ ਹੁਕਮ ਸੁਣਾਉਂਦਾ ਸੀ।
ਸਿਫਤਹੋਵੰਦੀਨਾ ਸਾਰੀ ਨੰਦਸਿੰਘਾ ਦੇਖਣਵਾਲਿਆਂ ਅੰਤਨਾਆਉਂਦਾ ਸੀ।

ਤਥਾ

ਘੰਟੇ ਚਾਰ ਦੀ ਕੁਲ ਮੁਸਾਫਰੀ ਸੀ ਪਹੁੰਚੇ ਵਿਚ ਪੀਨਾਂਗ ਦੇ ਜਾਇਕੇ ਜੀ।
ਅਗੇ ਕਿਸ਼ਤੀਆਂ ਬੋਟ ਉਡੀਕਅੰਦਰ ਲੈਗਏਫੌਜਨੂੰ ਤੁਰਤ ਚੜ੍ਹਾਇਕੇ ਜੀ।
ਔਰਨਕੋਲਾ ਜਹਾਜ਼ ਦਾ ਨਾਮ ਡਾਢਾ ਖੜਾ ਘਾਟ ਤੇ ਛੈਹਬ੍ਰਾਂ ਲਾਇਕੇ ਜੀ।
ਦਿਤੀ ਕੰਪਨੀ ਕੰਪਨੀ ਵੰਡ ਜਾਗਾ ਰੱਖੇ ਸਭ ਸਾਮਾਨ ਟਿਕਾਇਕੇ ਜੀ।
ਮੁਲਾਕਾਤ ਨੂੰ ਸਾਹਿਬ ਜਰਨੈਲ ਪਹੁੰਚੇ ਦਿਤੇ ਫੈਲ ਸਲੂਟ ਉਠਾਇਕੇ ਜੀ।
ਲੈਕਚਰ ਦਿਤੇਲੜਾਈ ਦੇ ਫੈਦਿਆਂ ਦੇ ਔਣਾ ਜੰਗ ਵਲੋਂ ਫਤੇਪਾਇਕੇ ਜੀ।
ਜਾਣੋ ਛੱਬੀ ਤ੍ਰੀਕ ਸਤੰਬਰਾਂ ਦੀ ਸੰਨ ਪੰਦਰਾਂ ਕਹਾਂ ਸੁਣਾਇਕੇ ਜੀ।
ਦਿਤੀ ਲੰਪ ਸਲਾਮੀ ਦੀ ਨੰਦ ਸਿੰਘਾ ਤੁਰ ਪਏ ਸੀ ਖੁਸ਼ੀਮਨਾਇਕੇ ਜੀ।

ਸਿਫਤ ਜਹਾਜ਼ ਦੀ

ਕੀ ਮੈਂ ਕਰਾਂ ਤਰੀਫ ਜਹਾਜ਼ ਵਾਲੀ ਨਾਲ ਹਿਕਮਤਾਂ ਚੀਰਦਾਪਾਣੀਆਂ ਨੂੰ।

ਦਰਜੇ ਫਸਟਤੇ ਸੈਕਨਕਲਾਸਬਹੁਤੇ ਜਾਵੇਰਿੜਕਦਾ ਪਿਆਮਧਾਣੀਆਂ ਨੂੰ ।
ਕਲਾਂਚਲਦੀਆਂ ਭਾਫਦੇਜੋਸ਼ ਅੰਦਰ ਇੰਞਣ ਗੇੜਦੇਵਿਚੋਂ ਕੁਮਾਨੀਆਂ ਨੂੰ ।
ਛਮਾਂਛਮ ਜਾਂਦਾ ਵਿਚ ਸਾਗਰਾਂ ਦੇ ਬੰਨੇ ਲਾਉਂਦਾ ਸੀ ਰਾਜੇ ਰਾਣੀਆਂ ਨੂੰ ।
ਬਾਗਾਂਹਥ ਕਪਤਾਨਾਂਦੇ ਹੈਨਫੜੀਆਂ ਦਿਲ ਚਾਹੇ ਲੈਜਾਣ ਮੁਹਾਣੀਆਂ ਨੂੰ।
ਛੱਲਾਂ ਪੈਂਦੀਆਂਸੀ ਘੁਮਣਘੇਰਅੰਦਰ ਦਿੰਦਾਠੀਕਮੁਸਾਫਰਾਂ ਠਾਣੀਆਂ ਨੂੰ ।
ਕਈ ਕਰਨ ਉਭਾਲੀਆਂ ਪਏ ਮੂੰਹਦੇ ਨਹੀ ਵਾਚਦੇ ਕਥਾ ਕਹਾਣੀਆਂ ਨੂੰ ।
ਕੂਲੀ ਕਰਨ ਸਫਾਈਆਂ ਦਿਨੇ ਰਾਤੀ ਜਾਂਦੇ ਖਾਲਸੇ ਬੋਲਦੇ ਬਾਣੀਆਂ ਨੂੰ ।
ਚਿੱਤ ਚਾਹੇ ਰਫਤਾਰ ਨੂੰ ਤੇਜ ਕਰਦੇ ਅਗੇ ਪਾਰ ਕੀਤਾ ਫੌਜੀ ਢਾਣੀਆਂ ਨੂੰ।
ਲਗਾ ਘਾਟ ਕਲੰਭੂਦੇ ਨੰਦ ਸਿੰਘਾ ਤ੍ਰੀਕ ਇਕ ਅਕਤੂਬਰ ਸੁਹਾਣੀਆਂ ਨੂੰ ।

### ਦੋਹਰਾ

ਸ਼ੈਹਰ ਕਲੰਭੂ ਦੇਖਿਆ ਲੰਕਾ ਦਾ ਦਰਬਾਰ ।
ਜਿਥੇ ਜੁਧ ਮਚਾ ਗਿਆ ਰਾਮ ਚੰਦ ਅਵਤਾਰ ॥

### ਸ਼ਰੀਫ ਛੰਦ

ਲਗਿਆ ਕਲੰਭੂਆਂ ਦੇ ਘਾਟ ਜਾਇਕੇ। ਉਤਰੀ ਸੀ ਫੌਜ ਆਗਜ਼ਾ ਨੂੰ ਪਾਇਕੇ। ਚੰਗੇ ਸ਼ਾਹੂਕਾਰਾਂ ਦੇ ਸੁਹਾਏ ਬੰਗਲੇ। ਲਾਂਮ ਦੇ ਸੁਦਾਗਰਾਂ ਨੇ ਹੱਥ ਰੰਗਲੇ। ਸਾਰੇ ਹੀ ਬਜ਼ਾਰ ਵਿਚੋਂ ਆਏ ਘੁੰਮਕੇ। ਦੇਖਦੇ ਤਮਾਮ ਲੋਕ ਹੁੰਮ ਹੁੰਮ ਕੇ। ਨੰਬਰ ਅਠਾਈ ਫੌਜ ਮਿਲੀ ਆਣਕੇ। ਹੋ ਗਏ ਅਨੰਦ ਭਾਈ ਬੰਦ ਜਾਣਕੇ। ਖਾਤਰਾਂ ਅਨੇਕਾਂ ਸਾਡੀਆਂ ਸੀ ਕੀਤੀਆਂ। ਚੰਗੀਆਂ ਅਠਾਈ ਵਿਚ ਹੈਨ ਰੀਤੀਆਂ। ਦੇਖ ਸਾਨੂੰ ਖਿੜਗੇ ਸਮਾਨ ਫੁਲ ਜੀ। ਨੰਬਰ ਅਠਾਈ ਦੇ ਜੁਆਨ ਕੁਲ ਜੀ। ਚੜ੍ਹ ਗਏ ਜਹਾਜ਼ ਉਤੇ ਆਕੇ ਸ਼ਾਮ ਨੂੰ। ਖਾਣ ਪੀਨ ਵਾਸਤੇ ਲਿਆਏ ਦਾਮ ਨੂੰ। ਦੂਸਰੀ ਤ੍ਰੀਕ ਦੀ ਸਵੇਰ ਸਾਰ ਨੂੰ। ਤੁਰਿਆ ਜਹਾਜ਼ ਪੈਕੇ ਡੂੰਘੀ ਧਾਰ ਨੂੰ। ਖਾਰਿਆਂ ਸਮੁੰਦਰਾਂ ਦੇ ਰਾਹ ਪੈ ਗਿਆ। ਛੋਟੇ ਮੋਟੇ ਬੋਟ ਦੀ ਸਲਾਮੀ ਲੈ ਗਿਆ। ਪਹੁੰਚਿਆ। ਅਦਨ ਵਿਚ ਨੌ ਤ੍ਰੀਕ ਨੂੰ। ਲਗਿਆ ਪਹਾੜੀਆਂ ਦੇ ਜਾ ਨਜ਼ੀਕ ਨੂੰ। ਚੜ੍ਹ ਫੌਜ ਕਿਸ਼ਤੀਆਂ ਤੇ ਲੱਗੀ ਘਾਟ ਨੂੰ। ਉਤਰੇ ਸਿਪਾਹੀ ਕਰ ਥੋੜੀ ਵਾਟ ਨੂੰ। ਹੋ ਗਿਆ ਕੁਵੇਲਾ ਨਹੀਂ ਅੰਨ ਪੱਕਿਆ। ਚਾਬ ਖਾਬ ਦਾਣੇ ਸਾਰਿਆਂ ਨੇ ਛੱਕਿਆ। ਉਠਕੇ ਸਵੇਰੇ ਭੋਜਨ ਬਣਾਏ ਸੀ। ਦਾਲ

ਤਰਕਾਰੀਆਂ ਨੂੰ ਭੋਗ ਲਾਏ ਸੀ । ਨੰਦ ਸਿੰਘਾ ਸਾਰਾ ਦਿਨ ਓਥੇ ਅਟਕੇ ।
ਤੁਰ ਗਏ ਸਵੇਰੇ ਅਧੀ ਰਾਤ ਕੱਟਕੇ ।

ਅਰਬ ਦੇਸ ਦੇ ਅਖੀਂ ਦੇਖੇ ਹਾਲ । ਬੈਂਤ

ਹਾਲ ਅਰਬ ਦੇ ਮੁਲਕਦਾ ਸੁਣੋ ਯਾਰੋ ਰੇਤਾ ਉਡਕੇ ਵਗਣ ਹਨੇਰੀਆਂ ਜੀ ।
ਪਈਆਂ ਖੁਸ਼ਕਪਹਾੜੀਆਂਖਾਕ ਹੋਈਆਂਦਿਸਣਬੱਦਲਾਂਵਾਂਗਉਚੇਰੀਆਂ ਜੀ।
ਦਿਸੇ ਪਈ ਉਜਾੜਉਜਾੜਸਾਰੇਨਜ਼ਰਔਂਦੀਆਂ ਨਾ ਕਿਕਰ ਬੇਰੀਆਂ ਜੀ ।
ਪੈਂਡਾ ਏਕ ਦੋ ਰੋਜ਼ਦਾ ਚਲੀਏ ਜੇ ਮੁਸ਼ਕਲ ਔਂਦੀਆਂ ਪੇਸ਼ ਬਥੇਰੀਆਂ ਜੀ ।
ਕੱਕੇ ਰੇਤ ਹਸਾਬ ਨਾ ਟਿੱਬਿਆਂ ਦਾ ਉਤੇ ਉਡਕੇ ਪੈਣ ਪੰਜ ਸੇਰੀਆਂ ਜੀ ।
ਘੁਟ ਪਾਣੀ ਦਾ ਮਿਲੇ ਨਾ ਪੀਣ ਜੋਗਾ ਲਗ ਜਾਂਦੀਆਂਸੀਪੈਣਘੇਰੀਆਂਜੀ।
ਬੂਟਾ ਝਾੜ ਨਾ ਘਾਸ ਜ਼ਮੀਨ ਉਤੇ ਗਲਾਂ ਸਚ ਮੰਨੋ ਤੁਸੀਂ ਮੇਰੀਆਂ ਜੀ ।
ਬਾਰਸ਼ਹੋਂਵਦੀ ਸਾਲ ਦੋ ਸਾਲ ਪਿਛੋਂ ਬੀਆਬਾਨ ਹੈ ਚਾਰ ਚੌਫੇਰੀਆਂ ਜੀ ।
ਨਿਮਕਦਾਰ ਪਾਣੀ ਖੂਹਾਂ ਸਾਰਿਆਂਦੇ ਲਗਜਾਣ ਮਰੋੜਬਿਨ ਦੇਰੀਆਂ ਜੀ ।
ਅਗ ਧਰਤ ਅਕਾਸ ਨੂੰ ਰਹੇ ਲਗੀ ਤਪਣ ਭੱਠੀਆਂਦੇ ਵਾਂਗ ਠੇਰੀਆਂ ਜੀ ।
ਐਪਰ ਲਖ ਧੰਨਵਾਦ ਸ੍ਰਕਾਰ ਵਾਲਾ ਲਾਈਆਂਕੰਮਸਰੇਟਾਂਤੇ ਢੇਰੀਆਂ ਜੀ ।
ਬੰਦੋਬਸਤ ਅੰਦਰ ਗੁਜ਼ਰਾਨ ਹੁੰਦੀ ਚੀਜਾਂ ਔਂਦੀਆਂ ਪਿਛੋਂ ਵਧੇਰੀਆਂਜੀ।
ਮੇਰੇ ਮਾਲਕਾ ਵੱਡਾ ਬੇਅੰਤ ਹੈਂ ਤੂੰ ਧੰਨ ਕੁਦਰਤਾਂ ਵਾਹਿਗੁਰੂ ਤੇਰੀਆਂ ਜੀ ।
ਬੰਦਾ ਸਾਰ ਕੀ ਜਾਣਦਾ ਨੰਦ ਸਿੰਘਾ ਕਰੇ ਝੂਠੀਆਂ ਤੇਰੀਆਂ ਮੇਰੀਆਂ ਜੀ ।

ਵਾਕ ਕਵੀਸ਼ਰ

ਮਸ਼ਹੂਰ ਕੀਤਾ ਅਰਬ ਸ਼ਾਇਰਾਂ ਨੇ ਬਿਨਾਂ ਦੇਖਿਆਂ ਗਪ ਉਡਾਈ ਲੋਕੋ ।
ਕਦੇ ਨਾਮ ਦਸਣ ਅਰਬੀ ਘੋੜਿਆਂਦਾ ਕਵਤਾਜੋੜਦੇਸੁਣੀ ਸੁਣਾਈ ਲੋਕੋ ।
ਕਦੇ ਆਖਦੇ ਔਰਤਾਂ ਹੈਨ ਸੁੰਦਰ ਕਦੇ ਆਖਦੇ ਬਹੁਤ ਚਤੁਰਾਈ ਲੋਕੋ ।
ਦੇਖੋ ਤੋਤੇ ਕਹਾਣੀਆਂ ਅਲਫ ਲੇਲਾਂ ਐਵੇਂ ਕੱਖ ਦੀ ਲੱਖ ਵਧਾਈ ਲੋਕੋ ।
ਫੈਦੇ ਕੁਝ ਨਾਂ ਝੂਠੀਆਂਸ਼ਾਇਰੀਆਂਦੇ ਮੁਫਤ ਆਪਣੀਅਕਲਗਵਾਈ ਲੋਕੋ ।
ਅਸੀਂ ਦੇਖਿਆ ਅਰਬ ਦੇ ਵਿਚ ਰੈਹਕੇ ਫੋਕੀ ਮਾਰਦੇਨਹੀਂ ਵਡਾਈ ਲੋਕੋ ।
ਝੂਠ ਸਚ ਦਾ ਕੋਈ ਪ੍ਰਹੇਜ਼ ਨਾਹੀਂ ਜ਼ਾਤ ਪਾਤ ਦੀ ਨਹੀਂ ਦਨਾਈ ਲੋਕੋ ।
ਨਹੀਂ ਛਡਦੇ ਮਾਸ ਸ਼ਰਾਬ ਤਾਈਂ ਲੋਕ ਦਿਲਾਂ ਦੇ ਹੈਨ ਕਸਾਈ ਲੋਕੋ ।
ਵਾਦੀ ਸਭ ਤਾਈਂ ਪਈ ਮੰਗਣੇ ਦੀ ਚਾਹੇ ਰੱਜਿਆ ਚਾਹੇ ਗਦਾਈ ਲੋਕੋ ।

'ਬਾਬਾਇਕ ਪੈਸਾ'ਮੂੰਹੋਂ ਆਖਦੇਣਾ ਕਰੀ ਕਿਸੇ ਨੇ ਠੀਕ ਸਖਲਾਈ ਲੋਕੋ।
ਦੇਖੇ ਖੋਤਿਆਂ ਦੇ ਅਸਵਾਰ ਬਹੁਤੇ ਘੋੜਾ ਦੇਖਿਆ ਨਹੀਂ ਦੁਹਾਈ ਲੋਕੋ।
ਹੈਨ ਔਰਤਾਂ ਕੋਝੀਆਂ ਵਿਚ ਪਿੰਡਾਂ ਡਿਠੀਕੋਈ ਨਾ ਪਰੀ ਦੀ ਜਾਈ ਲੋਕੋ।
ਨਹੀਂ ਸੋਲਾਂ ਸ਼ਿੰਗਾਰ ਦੀ ਧਨੀ ਕੋਈ ਦੇਖੀ ਅਰਬਦੇ ਵਿਚ ਮਰਗਾਈਲੋਕੋ।
ਇੱਕ ਜ਼ੋਰਬਹੁਤਾਬੁਰਕਾ ਪੈਹਨਣੇ ਦਾ ਨਹੀਂ ਪਿਛਲੀ ਰੀਤ ਗਵਾਈ ਲੋਕੋ।
ਨਹੀਂ ਨਿੰਦਿਆ ਕਰਨ ਦਾ ਸ਼ੌਕ ਮੈਨੂੰ ਸੱਚ ਆਖਣਾਨਹੀਂ ਬੁਰਾਈ ਲੋਕੋ।
ਏਹੀ ਮੱਤਹੁੰਦੀਕਵੀਆਂਸਾਰਿਆਂਦੀ ਦੇਖੀ ਚੀਜ਼ਦੀ ਕਰਨਰੁਸ਼ਨਾਈ ਲੋਕੋ।
ਬੁਰਾਭਲਾ ਕੈਹਣਾਮੇਰਾ ਕੰਮ ਨਾਹੀ ਝੂਠੇ ਕਵੀਆਂ ਦੀ ਪੋਲ ਸੁਣਾਈ ਲੋਕੋ।
ਹੁਣ ਮੈਂ ਆਖਦਾ ਸਾਰੇ ਕਵੀਸ਼ਰਾਂਨੂੰ ਕਰਨੀ ਚਾਹੋ ਜੇ ਕੋਈ ਵਡਾਈ ਲੋਕੋ।
ਪੈਹਲੇ ਸਭ ਤੋਂ ਦੇਸ ਪੰਜਾਬ ਦਾ ਹੈ ਜਿਥੇ ਰੱਬ ਨੇ ਮੌਜ ਬਣਾਈ ਲੋਕੋ।
ਝੂਟੇ ਆਉਂਦੇ ਵਿਚ ਕਸ਼ਮੀਰ ਜਾਕੇ ਜਿੱਥੇ ਕੋਇਲਾਂ ਦੇਣ ਸੁਣਾਈ ਲੋਕੋ।
ਜੇਕਰ ਦੇਖਣੇ ਸ਼ੈਹਰ ਬਜ਼ਾਰ ਚੰਗੇ ਕਰੋ ਪੈਰਸ ਬੰਬਈ ਦੀ ਧਾਈ ਲੋਕੋ।
ਸਿਫਤ ਕਰੋ ਮਲਾਏ ਦੇ ਟਾਪੂਆਂ ਦੀ ਝੜੀ ਬਾਰਾਂ ਮਹੀਨਿਆਂਲਾਈ ਲੋਕੋ।
ਸ਼ਕਲ ਦੇਖਣੀ ਹੋਵੇ ਤਾਂ ਚੀਨ ਦੇਖੋ ਐਵੇਂ ਕਾਸਨੂੰ ਕਲਮ ਉਠਾਈ ਲੋਕੋ।
ਅਰਬ ਨਹੀਂ ਜੇ ਉਪਮਾਂ ਦੇਣ ਜੋਗਾ ਜਿੱਥੇਮਰਦੀਹੈ ਚਿੜੀਤਿਹਾਈ ਲੋਕੋ।
ਕੁਦਰਤ ਰੱਬਦੀਤੇ ਨੁਕਤਾਚੀਨਕਰਨਾ ਮੇਰੇ ਵਾਸਤੇਭੀ ਸ਼ਰਮਛਾਈ ਲੋਕੋ।
ਕਿਉਂਕਿ ਓਸਨੇ ਸੱਭ ਦਰੁਸਤ ਕੀਤਾ ਪਏ ਘੋਟਦੇ ਅਸੀਂ ਦਨਾਈ ਲੋਕੋ।
ਬਖਸ਼ ਲਏ ਗਾ ਵਾਹਿਗੁਰੂ ਨੰਦਸਿੰਘਾ ਮੂਠੀ ਰਹੇ ਜੇ ਫਕੀ ਫਕਾਈ ਲੋਕੋ।

### ਤਥਾ

ਅਦਨ ਵਿਚ ਬ੍ਰਿਗੇਡਦਾ ਹੈਡਕੁਆਟਰ ਅਗੇ ਚੱਲਕੇ ਮੋਰਚੇ ਬੰਦੀਆਂ ਸੀ।
ਸੱਤ ਮੀਲ ਕਰੀਬ ਦੇ ਫਾਸਲੇ ਤੇ ਲਾਈਆਂ ਵੈਰੀਆਂ ਵਾਸਤੇ ਫੰਦੀਆਂ ਸੀ।
ਨਾਮਜਗਾਦਾਸ਼ੇਖਉਥਮਾਨ ਕੈਂਹਦੇ ਐਪਰਬਸਤੀਆਂਸਾਰੀਆਂਮੰਦੀਆਂ ਸੀ।
ਬਦਲੀਜਾਇਛਪੰਜਾਦੀਅਸੀਂਕੀਤੀ ਲਈਆਂਉਜੜਦੀਆਂਮੋਰਚੇਸੰਦੀਆਂਸੀ।
ਛਪੰਜਾਬਸਰੇਨੂੰ ਗਿਆਸੀਨੰਦਸਿੰਘਾ ਨਾਲਪਹੁੰਚਗਏ ਸੁਖਅਨੰਦੀਆਂ ਸੀ।

### ਸਾਡੇ ਬਰਗੇਡ ਦੀਆਂ ਫੌਜਾਂ ਦੇ ਨਾਮ

ਨੰਬਰਅਠਾਈਬ੍ਰਿਗੇਡ ਜੋ ਅਦਨਵਾਲਾ ਲੂਣ ਖਾਇਕੇਨਹੀਂ ਹਰਾਮ ਕੀਤਾ।

ਬਾਹਠਨੰਬਰ ਦੀ ਪੂਰੀ ਬਟਾਲੀਆ ਸੀ ਤੇਈਸਿੱਖ ਨੇ ਸਾਬ ਮੁਕਾਮ ਕੀਤਾ।
ਇਕ ਸੌ ਅੱਠਅਤੇ ਨੌ ਭੀ ਨਾਲਸਮਝੋ ਸਫਰਮੈਨਾਰੁੜਕੀਚੰਗਾਕਾਮ ਕੀਤਾ।
ਪੰਜੇ ਤੋਪਖਾਨੇ ਚੰਗੇ ਨਾਮ ਰੌਸ਼ਨ ਵਿਚੇ ਅਦਨ ਟਰੂਪ ਨੇ ਲਾਮ ਕੀਤਾ।
ਨੰਬਰ ਛੱਬੀ ਰਸਾਲੇਦੀ ਕੈਵਲਰੀ ਜੋ ਚੰਗਾ ਵਿਚ ਲੜਾਈਦੇ ਨਾਮ ਕੀਤਾ।
ਇਕ ਸੌ ਛੱਬੀ ਬਲੋਚੀ ਨੇ ਕੈਂਪ ਲਾਏ ਪੂਨੇਵਾਲਿਆਂਵਿਚੇਬਸਰਾਮ ਕੀਤਾ।
ਤੇਤੀ ਔਰ ਉਨੱਤਰ ਭੀ ਹੈਨ ਸ਼ਾਮਲ ਗੋਰਾ ਫੌਜ ਨੇ ਚਟਕ ਸਲਾਮ ਕੀਤਾ।
ਫੱਸਟ ਬ੍ਰਾਹਮਣਮਲਾਯਾ ਸਟੇਟਗਾਇਡਜ਼ ਪੰਜਐਂਚੀਆਂਮੋਰਚਾਫਾਮਕੀਤਾ।
ਪੰਝੱਤਰ ਨੰਬਰ ਕਰਨਾ ਟਮਦਰਾਜੀਆਂਦੀਵਿਚੇਹਿੰਦੂਆਂਨੇਰਾਮੋਰਾਮ ਕੀਤਾ।
ਠੱਤੀ ਡੋਗਰਾ ਤੇ ਸੱਤ ਰਾਜ ਪੁਤਰ ਹੱਥੀਂ ਆਪਣੀ ਤਿਯਾਰ ਤੁਮਾਮ ਕੀਤਾ।
ਕਈ ਮੈਹਕਮੇ ਹੋਰ ਭੀ ਨੰਦ ਸਿੰਘਾ ਓਹਨਾਵਾਸਤੇ ਤਯਾਰ ਗੁਦਾਮ ਕੀਤਾ।

ਤਥਾ

ਤੁਰਕੀ ਫੌਜ ਦੇ ਨਾਲ ਮੁਕਾਬਲਾ ਸੀ ਜਗਾ ਲੈਹਜ ਅੰਦਰ ਸੂਬੇਵੱਸਦੇ ਸੀ।
ਚੜਕੇ ਆਉਂਦੇ ਕਰਨ ਲੜਾਈਆਂ ਨੂੰ ਖਾਕੇ ਮਾਰਪਿਛਾਹਾਂਨੂੰ ਨੱਸਦੇ ਸੀ।
ਬੱਦੂ ਲੋਕ ਬਛਿੰਦੇ ਸੀ ਨਾਲ ਓਹਨਾਂ ਚੋਰੀ ਜਾਇਕੇ ਭੇਦ ਨੂੰ ਦੱਸਦੇ ਸੀ।
ਧੋਖੇ ਨਾਲ ਫਲਾਂਗਾਂ ਤੋਂ ਫੈਰ ਕਰਦੇ ਨਾਲ ਭੁੱਖ ਦੇ ਪਏ ਤਰਸਦੇ ਸੀ।
ਏਸੇ ਤਰਾਂ ਹਮੇਸ਼ ਦੇ ਹਾਲ ਗੁਜ਼ਰੇ ਨੰਦ ਸਿੰਘ ਜੇਹੇ ਬਾਣ ਕੱਸਦੇ ਸੀ।

ਕਵੀਸ਼ਰ ਵਲੋਂ ਮੋਰਚੇ ਬੰਦੀ ਦਾ ਹਵਾਲ

ਦੁਖੀ ਰੈਹਣ ਸਰੀਰ ਪ੍ਰਦੇਸ ਅੰਦਰ ਕੈਸੇ ਦਸੀਏ ਹਾਲ ਲੜਾਈਆਂ ਦੇ।
ਕਦੇ ਮਾਸ ਸ਼ਰਾਬ ਕਬਾਬ ਮਿਲਦੇ ਕਦੇ ਬੈਠਦੇ ਵਾਂਗ ਹਲਵਾਈਆਂ ਦੇ।
ਕਦੇ ਮਿਲੇ ਨਾ ਬਹੀ ਗਰੀਬ ਰੋਟੀ ਫਾਕੇ ਕੱਟਦੇ ਸੀ ਪੁਤ ਮਾਈਆਂ ਦੇ।
ਕਦੇ ਛੌਣੀਆਂ ਵਿਚ ਬਹਾਰ ਲੈਂਦੇ ਕਦੇ ਬਿਸਤ੍ਰੇ ਬੂਟੀਆਂ ਘਾਈਆਂ ਦੇ।
ਰਾਤੀਂਨੀਂਦਨਾਆਉਂਦੀ ਸੁਤਿਆਂ ਨੂੰ ਪੈਂਦਾਬੈਠਨਾ ਸੀ ਵਿਚਖਾਈਆਂ ਦੇ
ਛੋਲੇ ਚੱਬ ਕੇ ਕਦੇ ਗੁਜਰਾਨ ਹੁੰਦੀ ਐਪ੍ਰ ਕਦੇ ਸੀ ਵਾਂਗ ਜੁਵਾਈਆਂ ਦੇ।
ਧੋਖਾ ਜਾਨਦਾ ਸੀ ਦੇਸ ਵੈਰੀਆਂ ਦੇ ਨਹੀਂ ਬੈਠਦੇ ਨਾਲ ਸਮਾਈਆਂ ਦੇ।
ਜਾਵੇ ਮਿਹਗਾ ਹੰਧੇਸੇਦੀ ਰਾਤ ਸਾਰੀ ਕਦੇ ਪੈਣ ਵਿਛੋੜੇ ਸੀ ਭਾਈਆਂ ਦੇ।
ਸਿਰਕੀ ਾਸਦਾ ਰਹੇ ਲਵਾਸ ਯਾਰੋ ਚਿੜੀ ਉਡੇ ਤਾਂ ਭਰਮ ਹਵਾਈਆਂ ਦੇ।
ਬੱਦਲ ਗੱਜਿਆਂ ਤੋਪਦੀ ਸ਼ੱਕ ਪੈਂਦੀ ਕਦੇ ਮਿਲਣਗੇ ਹੱਕ ਕਮਾਈਆਂ ਦੇ।

ਕੈਂਸੀ ਰਹੇ ਬਰਦੀ ਕਵੀ ਨੰਦ ਸਿੰਘਾ ਘਰ ਮੋਰਚੇ ਬਣੇ ਸਿਪਾਹੀਆਂ ਦੇ।

### ਬਾਰਾਂ ਜਨਵਰੀ ਅਦਨ ਹਾਤੂਮ ਦਾ ਜੰਗ

### ਦੋਹਰਾ

ਬਾਰਾਂ ਹਾਲ ਤਰੀਖ ਦਾ ਦੱਸਾਂ ਨਾਲ ਵਿਚਾਰ।
ਖਾਸ ਮਹੀਨਾ ਜਨਵਰੀ ਸੰਨ ਸੋਲਾਂ ਵਿਚਕਾਰ॥

### ਕਬਿੱਤ

ਸ਼ਿਮਲੇ ਨੂੰ ਤਾਰ ਗਈ ਚੀਰਦੀ ਪਹਾੜੀਆਂ ਨੂੰ ਮੈਹਕਮਾਂ ਸਟਾਫ ਦਾ ਉਚਾਰੇ ਗੁਡਵਾਈ ਨੂੰ। ਲਿਖੀ ਦਸਤੂਰ ਨਾਲ ਵਾਇਸਰਾਇ ਦੀ ਮਾਰ-ਫਤ ਮਨਸ਼ਾ ਹਮਾਰੀ ਹੈ ਅਟੈਕ ਦੀ ਝੜਾਈ ਨੂੰ। ਦੇਹੋ ਮਨਜ਼ੂਰੀ ਪੂਰੀਨਫਰੀ ਦੀ ਲੋੜ ਨਹੀਂ ਰਖੀ ਹੈ ਦਲੀਲ ਅਸੀਂ ਜਿਤਾਂਗੇ ਲੜਾਈ ਨੂੰ।ਦਸਖਤ ਕੀਤੇ ਜਰਨੈਲ ਕਵੀ ਨੰਦ ਸਿੰਘਾ ਘੱਲਣਾ ਜਵਾਬ ਛੇਤੀ ਅਦਨ ਤੁਵਾਈ ਨੂੰ।

ਪੜੀ ਸ਼ਿਮਲੇ ਚ ਤਾਰ ਕੀਤੀ ਸਭਨੇ ਵਿਚਾਰ ਖੁਸ਼ੀ ਹੋਈ ਸਰਕਾਰ ਤੇ ਜਵਾਬ ਛੇਤੀ ਮੋੜਿਆ। ਤਾਰ ਦੀਆਂ ਟੱਲੀਆਂ ਜੋ ਗੱਟ ਗੱਟ ਚਲੀਆਂ ਅਦਨ ਵਿਚ ਹੱਲੀਆਂ ਸੀ ਅਖਰਾਂ ਨੂੰ ਜੋੜਿਆ। ਲਿਖੀ ਮਨਜ਼ੂਰੀ ਚੜ੍ਹੋ ਜੰਗ ਨੂੰ ਜ਼ਰੂਰੀ ਵੱਜੇ ਜੋਧਿਆਂਦੀ ਤੂਰੀ ਤੇਰਾ ਹੌਸਲਾ ਨਾ ਤੋੜਿਆ।ਕਰ ਲੈ ਅਟੈਕ ਇਕ ਅਦਨ ਕੁਮਾਂਡਰਾ ਤੂੰ ਤੇਰੀਜਿੰਦਗਾਨੀਦਾਸਹਾਰਾਸਦਾਲੋੜਿਆ।

### ਦੋਹਰਾ

ਹੁਕਮ ਮਿਲਾ ਬ੍ਰਗੇਡ ਕੋ ਹੋਵੇ ਸਭੀ ਤਿਯਾਰ।
ਪੱਕਾ ਰਾਸਣ ਡੰਗ ਦਾ ਦੇਖਣਗੇ ਸਰਦਾਰ॥

### ਕਬਿੱਤ

ਵੱਡੇ ਜਰਨੈਲ ਨੇ ਬੁਲਾਏ ਕਰਨੈਲ ਸਾਰੇ ਕਰਨੀ ਚੜ੍ਹਾਈ ਅਜ ਬਾਰਾਂ ਬਜੇ ਰਾਤ ਨੂੰ। ਚਲਕੇ ਸੁਵੇਰ ਸਾਰ ਟੁਟ ਪੈਣਾ ਵੈਰੀਆਂ ਤੇ ਮੰਨਿਆਂ ਸਲੂਟ ਦੇਕੇ ਸਾਰਿਆਂ ਨੇ ਬਾਤ ਨੂੰ। ਝੱਟ ਪੱਟ ਹੋਗਿਆ ਤਿਆਰ ਬ੍ਰਿਗੇਡ ਸਾਰਾ ਕੂਚ ਦੇ ਨਗਾਰੇ ਨਾਲ ਤੋਰਿਆ ਜਮਾਤ ਨੂੰ। ਕੀਤਾ ਅਡਵੰਸ ਦੇਖ ਭਾਲਦੀਆਂ ਟੋਲੀਆਂ ਨੇ ਘੋੜੇ ਅਸਵਾਰ ਅਗੇ ਵਧੇ ਮੁਲਾਕਾਤ ਨੂੰ। ੧।

ਲੀਸ ਕਰਨੈਲ ਕਰੇ ਗਾਇਡ ਦੀ ਕੁਮਾਨ ਜੇਹੜਾ ਸਦ ਜਰਨੈਲ ਨੇ ਸੀ ਹੁਕਮ ਸੁਣਾ ਦੀਆ। ਜਾਓ ਫਸਟ ਲੈਣ ਵਿਚ ਮੋਰਚਾ ਬਣਾਓ

ਛੇਤੀ ਨੇੜੇ ਦਲ ਵੈਰੀਆਂ ਦਾ ਸਭ ਸਮਝਾ ਦੀਆ। ਸੋਚਕੇ ਦਲੀਲ ਚੰਗਾ ਲੜਨਾ ਮਦਾਨ ਵਿਚ ਹੁਕਮ ਤਮਾਮ ਦੇਖੋ ਕੰਨ ਵਿਚ ਪਾਈਆ। ਸੂਰਮਾ ਦਲੇਰ ਫੇਰ ਗੱਜਿਆ ਸੀ ਸ਼ੇਰ ਵਾਂਗੂ ਸਾਂਭ ਲੀ ਕੁਮਾਨ ਗੋਲੀ ਗਠਾ ਵਰਤਾ ਦੀਆ ॥ ੨ ॥

ਵੰਡ ਤਕਸੀਮ ਅਜੇ ਕੁਝ ਨਾਂ ਸ਼ੁਮਾਰ ਕੀਤਾ ਚਾਣ ਚੱਕ ਵੈਰੀਆਂ ਦਾ ਗੋਲਾ ਵਾਰੀ ਗੱਜਿਆ। ਕਰਦੇ ਦਲੀਲਾਂ ਅਸੀਂ ਮੋਰਚਾ ਬਨਾਣ ਦੀਆਂ ਆਉਂਦਾ ਫਰੰਟ ਵਲੋਂ ਟਿਡੀ ਦਲ ਭੱਜਿਆ। ਪੈ ਗਿਆ ਭੁਚਾਲ ਹਾਲ ਹਾਲ ਕੀਤੀ ਸਾਰਿਆਂ ਨੇ ਚਾਰ ਹੀ ਚੁਫੇਰੇ ਘੇਰਾ ਤੁਰਕਾਂ ਦਾ ਬੱਝਿਆ। ਮਿਲਿਆ ਨਾ ਮੌਕਾ ਕੋਈ ਹੁਕਮ ਉਡੀਕਣੇ ਦਾ ਨੰਦ ਸਿੰਘ ਕਵੀ ਆ ਮਦਾਨ ਜੰਗ ਗੱਜਿਆ। ੩।

ਭੁਲੀਆਂ ਸਲਾਹਾਂ ਕਿਵੇਂ ਚਲੀਏ ਅਗਾਹਾਂ ਪਰ ਮੁੜੇ ਨਾ ਪਿਛਾਹਾਂ ਪੈਰ ਅਗੇ ਨੂੰ ਵਧਾਏ ਸੀ। ਆਯਾ ਵੈਰੀਆਂ ਦਾ ਦੱਲ ਬੈਠੇ ਮੋਰਚੇ ਨੂੰ ਮਲ ਤੇ ਕਸੂਤੀ ਹੋਈ ਗਲ ਜ਼ੋਰ ਤੁਰਕਾਂ ਨੇ ਪਾਏ ਸੀ। ਭਜਣਾ ਮਦਾਨੋਂ ਫੈਦਾ ਕੋਈ ਨਾ ਜਹਾਨੋਂ ਬਾਤ ਸਚ ਕਰ ਮਾਨੋਂ ਸੂਰੇ ਨਹੀਂ ਘਬਰਾਏ ਸੀ। ਤੁਰਕੀਆਂ ਦੀ ਲੈਣ ਅਗੋਂ ਆਈ ਵਾਂਗ ਡੈਣ ਤੋਪਾਂ ਲਗੀਆਂ ਸੀ ਪੈਣ ਤਦੋਂ ਚੇਹਰੇ ਕੁਮਲਾਏ ਸੀ। ੪।

ਕੱਟ ਕੱਟ ਕੱਟ ਕੱਟ ਚਲੀਆਂ ਮਸ਼ੀਨ ਗਨਾਂ ਤਾੜ ਤਾੜ ਤਾੜ ਤਾੜ ਤੜਕ ਬੰਦੂਕਦੀ। ਦੱਮ ਦਮ ਦਮ ਦੱਮ ਤੋਪ ਨੇ ਦੁਹਾਈ ਦਿਤੀ ਦੱਮ ਦਮ ਦੱਮ ਦਮ ਦਮ ਉਤੇ ਕੂਕਦੀ। ਗਣਣਣਣ ਗਣਣਾਟ ਗੋਲਾਫਟਿਆ ਸੀ ਚਲਕ ਝਲਕ ਤਲਵਾਰ ਪਈ ਸ਼ੂਕਦੀ। ਢਮਕ ਦਮਕ ਸੁੰਬ ਘੋੜਿਆਂ ਦੇ ਨੰਦ ਸਿੰਘਾ ਭਮਕ ਭਮਕ ਚੰਡੀ ਜੰਗਲਾਂ ਨੂੰ ਫੂਕਦੀ। ੫।

### ਵਾਕ ਕਵੀਸ਼ਰ। ਕਬਿੱਤ

ਜੈਸੇ ਰਾਮ ਚਦ ਨੇ ਚੜ੍ਹਾਈ ਸੈਨਾ ਰਾਵਣੇ ਤੇ ਹਨੂਮਾਨ ਜੋਧਿਆਂ ਨੇਮਾਰੀ ਕਲਕਾਰੀ ਜਿਉਂ। ਕੈਰੋਂ ਅਤੇ ਪਾਂਡਵਾਂ ਦਾ ਸਜਿਆ ਮਦਾਨ ਜੈਸੇ ਅਰਜਨ ਭੀਮ ਸੈਨ ਸੂਰੇ ਬਲਕਾਰੀ ਜਿਉਂ। ਚਲਿਆ ਕੁਹਾੜਾ ਜੈਸੇ ਪ੍ਰਸ ਰਾਮ ਪੰਡਤਾਂਦਾ ਮੇਘਨਾਥ ਜੈਸਿਆਂਦੀ ਚਲੀਸੀ ਕਟਾਰੀ ਜਿਉਂ। ਤੈਸੇ ਅਜ ਕੁਸ਼ਤੀਸੁਹਾਈਵਿਚ ਟਿੱਬਿਆਂਦੇ ਜੋੜਨੇ ਕਬਿੱਤਹੋਈ ਮਨਸ਼ਾਹਮਾਰੀਜਿਉਂ।

ਸ਼ੁਰੂ ਹੋਈ ਤੋਪ ਤੇ ਮਸ਼ੀਨ ਗੰਨ ਤੁਰਕੀਆਂ ਦੀ ਦੇਕੇ ਰੈਂਜ ਪੂਰੀ ਗੋਲਾ ਸਾਡੇ ਉਤੇ ਸੱਟਿਆ। ਚੰਗੀ ਸਿਖਲਾਈ ਵਾਲਾ ਤੋਪ ਦਾ ਨਿਸ਼ਾਨਚੀ ਸੀ ਲਗਾਤਾਰ ਫੈਰ ਗੋਲੀ ਦਾਗਣੋਂ ਨਈ ਹੱਟਿਆ। ਹੋਈ ਸੀ ਤਿਆਰੀ ਸਾਡੀ ਬਾਤਰੀ ਫਲੈਂਕ ਉਤੋਂ ਮਾੜੀ ਤਕਦੀਰ ਕਪਤਾਨ ਗਿਆ ਫੱਟਿਆ। ਭਾਰੀ ਅਫਸੋਸ ਅਜੇ ਫੈਰ ਨਹੀਂ ਖੋਲ੍ਹਿਆ ਸੀ ਕਰਨ ਕੁਮਾਣ ਵਾਲਾ ਬਾਤਰੀ ਦਾ ਘੱਟਿਆ। ੭।

ਊਠ ਘੋੜਾ ਬਾਤਰੀ ਤਿਯਾਰ ਕੀਤੀ ਗੋਰਿਆਂ ਨੇ ਰਲ ਤੋਪ ਖਾਨਿਆਂ ਨੇ ਬਾਲੀਆਂ ਚਲਾਈਆਂ। ਕੀਤਾ ਅਡਵੈਂਸ ਅਗੇ ਹੋਰ ਫੌਜ ਗਾਇਡ ਦੀ ਨੇ ਤੁਰਕਾਂ ਭੀ ਜੋਰ ਨਾਲ ਕੀਤੀਆਂ ਝੜਾਈਆਂ। ਕਾੜ ਕਾੜ ਚੱਲੀਆਂ ਮਸ਼ੀਨ ਗੰਨ ਤੁਰਕਾਂ ਦੀ ਲੇਟ ਗਏ ਜ਼ਮੀਨ ਉਤੇ ਜਿਨਾਂ ਦੀਆਂ ਆਈਆਂ। ਤੀਸਰੀ ਤੇ ਚੌਥੀ ਅਗੇ ਵਧੀਆਂ ਸੀ ਨੰਦ ਸਿੰਘਾ ਲਿਫਟ ਫਲੈਂਕ ਉਤੇ ਮੱਚੀਆਂ ਦੁਹਾਈਆਂ। ੮।

ਇਕ ਕਪਤਾਨ ਔਰ ਸੂਬੇਦਾਰ ਤੀਸਰੀ ਦਾ ਦੋਹਾਂ ਦੇ ਨਿਸ਼ਾਨੇ ਦਾਰ ਲੱਤੀਂ ਬਾਹੀਂ ਲੱਗੀਆਂ। ਆ ਗਈਆਂ ਸ਼ਤਾਬੀ ਨਾਲ ਦੂਸਰੀਆਂ ਕੰਪਨੀਆਂ ਰੈਪਡ ਕਰਾਏ ਫੈਰ ਬਾਤਰੀਆਂ ਦੱਗੀਆਂ। ਮਰ ਗਏ ਜੁਆਨ ਕਈ ਫੱਟੜ ਬੀਮਾਰ ਹੋਏ ਕੋਈ ਨਾ ਮਿਟਾਵੇ ਤਕਦੀਰ ਦੀਆਂ ਵੱਗੀਆਂ। ਚਲਦੀ ਨਾ ਪੇਸ਼ ਦਲ ਵੈਰੀਆਂ ਦਾ ਜਾਸਤੀ ਸੀ ਕਰ ਗਏ ਜਸੂਸ ਬੇਈ ਮਾਨਾਂ ਦੀਆਂ ਠੱਗੀਆਂ। ੯।

## ਸ਼ਰੀਫ ਛੰਦ

ਭੇਤੀਆਂ ਨੇ ਭੇਤ ਨਾ ਬਤਾਏ ਠੀਕ ਦੇ। ਲੈ ਗਏ ਵਿਚ ਵੈਰੀਆਂ ਦੇ ਜੋ ਉਡੀਕਦੇ। ਝੂਠੀ ਮੂਠੀ ਖਬਰ ਲਿਔਣ ਚੰਦਰੇ। ਕੁਝ ਨਾ ਮਲੂਮ ਕੀ ਬਗਾਨੇ ਅੰਦਰੇ। ਪੰਜ ਇੰਚੀ ਤੋਪ ਦਾ ਜਾਂ ਫੈਰ ਖੁਲ੍ਹਿਆ। ਪਿਛੇ ਦਲ ਵੈਰੀਆਂ ਦਾ ਸਭ ਡੁਲਿਆ। ਕਾੜ ਕਾੜ ਕਾੜ ਦੀ ਅਵਾਜ਼ ਆਈ ਸੀ। ਰੇਤਲੀ ਜ਼ਮੀਨ ਗੋਲਿਆਂ ਹਿਲਾਈ ਸੀ। ਤਾੜ ਤਾੜ ਕੇਪਾਂ ਗੋਰਿਆਂ ਨੇ ਤੋੜੀਆਂ। ਪਾਲੋ ਪਾਲ ਕੱਠੀਆਂ ਅਨੇਕਾਂ ਜੋੜੀਆਂ। ਗੂੰਜਿਆ ਅਕਾਸ਼ ਮਾੜੇ ਭਾਗ ਵੈਰੀਆਂ। ਪਾਟ ਦੀਆਂ ਗੋਲੀਆਂ ਹਜ਼ਾਰਾਂ ਛੇਰੀਆਂ। ਭੁਜ ਗਈ ਜ਼ਮੀਨ ਅਗ ਲਗੀ ਰੇਤ ਨੂੰ। ਹਾਰਕੇ ਨਾ ਆਏ ਸਾਡੇ ਬੀਰ ਖੇਤ

ਨੂੰ। ਵੈਰੀਆਂ ਦੀ ਨਫਰੀ ਨੂੰ ਠੀਕ ਭੁੰਨਿਆਂ। ਤੁਰਕਾਂ ਦੀ ਫੌਜ ਦੀ ਬਣਾਈ ਪੁੰਨਿਆਂ। ਸਾਡੇ ਭੀ ਸ਼ਹੀਦ ਕੁਝ ਬੀਰ ਹੋ ਗਏ। ਟਿਬਿਆਂ ਦੇ ਉਤੇ ਚੁਪ ਚਾਪ ਸੌਂ ਗਏ। ਰਬ ਤਕਦੀਰ ਨੂੰ ਮਟਾਵੇ ਕੌਣ ਜੀ। ਚੜ੍ਹ ਕਲਜੋਗਣਾਂ ਅਕਾਸ਼ ਭੌਣ ਜੀ। ਵਾਸਤੇ ਬਹਾਦੁਰੀ ਦੇ ਲਿਖੇ ਨਾਮ ਜੀ। ਤਮਗੇ ਸਮੇਤ ਮਿਲ ਗਏ ਇਨਾਮ ਜੀ। ਜੀਵ ਨਿਰਲੇਪ ਨੰਦ ਸਿੰਘ ਦੱਸਿਆ। ਪੰਜ ਭੂਤ ਮਾਰਨੇ ਕੋ ਬਾਣ ਕੱਸਿਆ।

## ਬੈਂਤ

ਗਾਇਡਵਧੀਅਗੇ ਫੇਰਿੰਗਲੈਨ ਹੋਕੇ ਗੋਲਾ ਜ਼ੋਰਦਾ ਤੁਰਕ ਬਰਸਾਉਂਦੇ ਸੇ।
ਨਫਰੀ ਜਾਸਤੀ ਸੀ ਓਥੇ ਵੈਰੀਆਂ ਦੀ ਘੇਰਾ ਪੌਣ ਦਾ ਢੰਗ ਬਣਾਉਂਦੇ ਸੇ।
ਆਕੇ ਜੋਸ਼ ਅੰਦਰ ਗਾਇਡ ਬਾਤਰੀ ਦੇ ਗੱਨਾ ਜੋੜਕੇ ਰੈਪਡਕਰਾਉਂਦੇਸੇ।
ਇਕਸੌ ਛੱਬੀ ਬਲੋਚੀਤੇ ਸਿਖਤੇਈ ਰਈਅਨਫੋਰਸਹੋਕੇ ਪਿਛੋਂ ਆਉਂਦੇਸੇ।
ਹੋਈਗਾਇਡਰਟਿਆਰਜਾਂਨੰਦਸਿੰਘਾ ਦੁਸ਼ਮਨਲੋਕਨੁਕਸਾਨਪੁਚਾਉਂਦੇ ਸੇ।

## ਤਥਾ

ਆਖਰਕਾਰ ਸਵੇਰ ਤੋਂ ਲੜਦਿਆਂਨੂੰ ਹੋਈ ਰਾਤ ਮੁਕਾਬਲੇ ਚੰਦ ਹੋਗਏ।
ਬਾਕੀ ਰਹੀ ਨਾ ਕੋਈ ਬਹਾਦਰੀ ਦੀ ਠੀਕ ਸਾਰਿਆਂ ਦੇ ਖਟੇਦੰਦ ਹੋਗਏ।
ਗਈਆਂ ਰੱਜ ਕਲਜੋਗਣਾ ਜੰਗ ਅੰਦਰ ਤੋਪਾਂ ਦੇਵੀਆਂਦੇ ਫੈਰ ਬੰਦ ਹੋਗਏ।
ਤੇਰਾਂ ਘੰਟੇ ਮਦਾਨ ਦੀ ਮੌਜ ਲੈਕੇ ਜੇਹੜੇ ਸੂਰਮੇ ਬਹੁਤ ਅਨੰਦ ਹੋ ਗਏ।
ਹੋਈ ਫੌਜ ਰਟਿਆਰ ਦੋ ਤੁਫੀਆਂ ਦੀ ਰਾਤਾਂ ਪੈਗਈਆਂ ਦੂਰਦੇਫੰਦਹੋਗਏ।
ਦੇਖਭਾਲ ਕੀਤੀ ਜ਼ਖਮੀਮੁਰਦਿਆਂ ਦੀ ਜਾਣੋਮਰਗਿਆਂਦੇਭਾਗਮੰਦ ਹੋਗਏ।
ਨੇਕੀ ਨਾਮ ਜਹਾਨ ਤੇ ਹੌਲਦਾਰਾ ਬਣਕੇ ਨਿਮਕ ਹਲਾਲ ਬੁਲੰਦ ਹੋਗਏ।

## ਵਾਕ ਕਵੀਸ਼ਰ

ਮਰ ਜਾਣਦੀ ਕੋਈ ਪ੍ਰਵਾਹ ਨਾਹੀਂ ਲੈਕੇ ਤੇਗ ਪਿਛਾਹਾਂ ਨੂੰ ਹੱਟਣਾ ਕੀ।
ਜੇਤਾਂ ਰੈਫਲ ਉਠਾਈ ਸੁਕਾਰ ਵਾਲੀ ਗਿੱਦੜ ਹੋ ਬਦਨਾਮੀਆਂ ਖੱਟਣਾ ਕੀ।
ਮਰੀਏਆਪ ਜਾਂ ਮਾਰੀਏ ਵੈਰੀਆਂ ਨੂੰ ਤਾਕਤ ਆਪਣੀਤੋਂਮਾਸਾਘੱਟਣਾ ਕੀ।
ਨਾਵਾਂ ਵਿਚ ਲਿਖਾ ਸ਼ਿਪਾਹੀਆਂ ਦੇ ਫੇਰ ਮੌਤ ਕੋਲੋਂ ਪਾਸਾ ਵੱਟਣਾ ਕੀ।
ਜੇਤਾਂ ਲੋੜੀਏ ਨਿਮਕ ਹਲਾਲੀਆਂ ਨੂੰ ਪੈਰ ਪਿਛੇਮਦਾਨ 'ਚੋਂ ਪੱਟਣਾ ਕੀ।
ਦਿਲ ਰਖੀਏ ਨਾ ਕਦੇ ਬਾਣੀਆਂ ਦੇ ਹੋਕੇ ਲੈਕ ਇਤਫਾਕ ਤੋਂ ਫੱਟਣਾ ਕੀ।

ਕਰਕੇ ਸੁਖਨ ਜ਼ੁਬਾਨ ਤੋਂ ਨੰਦ ਸਿੰਘਾ ਦੁੱਕ ਫੇਰ ਜ਼ਮੀਨ ਤੋਂ ਚੱਟਣਾ ਕੀ।

### ਅਥ ਬਸਰੇ ਦੀ ਤਾਰ ਸ਼ਰੀਫ ਛੰਦ

ਬਸਰੇ ਦੇ ਵਿਚੋਂ ਇਕ ਆ ਗਈ ਤਾਰ ਜੀ। ਦਸਿਆ ਔਫੀਸਰਾਂ ਨੇ ਸਮਾਚਾਰ ਜੀ। ਬੰਬ ਦੀ ਲੜਾਈ ਓਥੇ ਬੇਈਮਾਨਣੀ। ਦੂਰੋਂ ਹੀ ਸਰੀਰ ਨੂੰ ਬਣਾਵੇ ਛਾਨਣੀ। ਲਗੇ ਸੀ ਮੁਕਾਬਲੇ ਧੁਰੋਂ ਚਰੋਕਣੇ। ਔਖੇ ਹੋ ਗਏ ਦੋਹਾਂ ਨੂੰ ਮਦਾਨ ਰੋਕਣੇ। ਪੈਹਲੇ ਤੋਪ ਦੇਵੀਆਂ ਦੇ ਫੈਰ ਖੁਲ ਗਏ। ਪੁਤਰ ਬਗਾਨੇ ਇਟਾਂ ਵਾਂਗ ਰੁਲ ਗਏ। ਸੈਂਕੜੇ ਹਜ਼ਾਰਾਂ ਦਮਾ ਦਮ ਚੱਲੀਆਂ। ਕੁਦਰਤ ਰੱਬ ਦੀ ਨਾ ਬਾਊਂ ਹੱਲੀਆਂ। ਨੰਬਰ ਛਪੰਜਾ ਫੈਰ ਹੇਠਾਂ ਆ ਗਿਆ। ਕਿਸਮਤ ਮਾੜੀ ਨੂੰ ਕਸੂਤੇ ਦਾ ਗਿਆ। ਦੋਹੀਂ ਪਾਸੀਂ ਧਰੀਆਂ ਮਸ਼ੀਨਾਂ ਜੋੜਕੇ। ਕੀਤੀਆਂ ਨਸ਼ਾਨ ਉਤੇ ਬਾਏਂ ਮੋੜਕੇ। ਘਟੀ ਤ੍ਰਵੰਜਾ ਦੀ ਜ਼ਰੂਰ ਨਫਰੀ। ਸਾਬ ਇਕਵੰਜਾ ਨੇ ਕਰਾਈ ਅਫਰੀ। ਤ੍ਰਾਨਵੇਂ ਸਤਾਸੀ ਦੀਆਂ ਪੈਣ ਵੰਡੀਆਂ। ਗਈਆਂ ਅਠਤਾਲੀ ਦੀਆਂ ਟੁਟ ਕੰਡੀਆਂ। ਬਾਹਠ ਦੀਆਂ ਕੰਪਨੀਆਂ ਨੇੜੇ ਢੁਕੀਆਂ। 'ਠਾਨਵੇਂ ਸਤਾਨਵੇਂ ਅਠਵੰਜਾ ਮੁਕੀਆਂ। ਗਜਾਰਾਂ ਰਜਪੂਤ ਚਲੀ ਬੋਲ ਵਾਹਿਗੁਰੂ। ਉੱਡਗੀ ਭੁਪਾਲ ਜੀਹਦੇ ਵਿਚ ਵਾਂਗਰੂ। ਹਾਏ ਜੰਗ ਵੈਰੀਆ ਕੀ ਲੋਹੜਾ ਮਾਰਿਆ। ਇੰਡੀਆ ਦੇ ਚੋਬਰਾਂ ਨੂੰ ਤੈਂ ਸੰਘਾਰਿਆ। ਘਰ ਘਰ ਪਿੰਡ ਪਿੰਡ ਪਾਏ ਪਿੱਟਣੇ। ਪੁਤਾਂ ਦੀਆਂ ਮਾਵਾਂ ਦੇ ਨਾ ਸੱਲ ਮਿੱਟਣੇ। ਇਕੋ ਇਕ ਲਾਡਲੇ ਕਰਨ ਨੌਕਰੀ। ਛਡ ਘਰ ਦੌਲਤਾਂ ਉਠਾਈ ਟੋਕਰੀ। ਨੰਦ ਸਿੰਘਾ ਰਬ ਦਾ ਸ਼ੁਕਰ ਮੰਨਿਆਂ। ਤੋੜਕੇ ਸ਼ਰੀਫ ਛੰਦ ਹਥ ਬੰਨ੍ਹਿਆਂ।

### ਬਸਰੇ ਦੇ ਵਿਚ ਬਰਗੇਡ ਦਾ ਘੇਰੇ ਜਾਣਾ। ਵਾਕ ਕਵੀਸ਼ਰ

ਜਗਾਕੂਤਅਲਮਾਰਾ ਨਜ਼ੀਕ ਬਸਰੇ ਹੋਣ ਜੰਗ ਭਾਰਾ ਤਿਥੇ ਡੈਹਗਿਆ ਸੀ।
ਮੁਸ਼ਕਲ ਹੋਗਈ ਸੀ ਘੋਰ ਜੰਗ ਅੰਦਰ ਘੇਰਾ ਪੂਰੇਬ੍ਰਿਗੇਡਨੂੰ ਪੈਗਿਆ ਸੀ।
ਦੇਸ ਹੋਇਆ ਕੱਠਾ ਬਗਦਾਦ ਵਲੋਂ ਵਾਂਗਮੀ ਹਹਨੇਰੀਦੇ ਢੈਹ ਗਿਆ ਸੀ।
ਕੋਈ ਪੇਸ਼ਨਾਟੁਟਮਲਾਪਗਿਆ ਪਾਣੀ ਖੁਲ ਦਰਿਆਉਦਾ ਵੈਹਗਿਆ ਸੀ।
ਰਸਤੇਬੰਦ ਕੀਤੇ ਸਾਰੇ ਵੈਰੀਆਂਨੇ ਇਕ ਆਸਰਾ ਰੱਬਦਾ ਰੈਹਗਿਆ ਸੀ।
ਹੋਈਗਲ ਬੇਵੱਸਦੀ ਨੰਦਸਿੰਘਾ ਜੀਹਨੂੰ ਬਣੀ ਔਖੀਸੋਈ ਸੈਹ ਗਿਆ ਸੀ।

---o---

## ਟੌਨ ਸੰਡ ਜਰਨੈਲ ਸਾਹਿਬ ਦਾ ਕੈਹਣਾ

ਟੌਨ ਸੰਡ ਜਰਨੈਲ ਬ੍ਰਿਗੇਡ ਅੰਦਰ ਧਨੀ ਜੰਗ ਦਾ ਬੋਲਿਆ ਹੱਸ ਕੇ ਤੇ।
ਸੁਣੋ ਮੇਰੇ ਬਹਾਦਰੋ ਫਿਕਰ ਨਾਹੀਂ ਦਿਲ ਛੱਡਣਾ ਨਾ ਏਥੇ ਫੱਸਕੇ ਤੇ।
ਮੇਗਜ਼ੀਨ ਤੇ ਰਸਦ ਮੌਜੂਦ ਪਿਆ ਮਾਰੋ ਵੈਰੀਆਂ ਨੂੰ ਬਾਣ ਕੱਸਕੇ ਤੇ।
ਆਕੀ ਰਹਾਂਗੇ ਠੀਕ ਅਖੀਰ ਤਾਈਂ ਜਾਣਾ ਦੁਸ਼ਮਨਾਂ ਤੋਂ ਕਿਥੇ ਨੱਸਕੇ ਤੇ।
ਕਰੀਬਨ ਦਸ ਹਜ਼ਾਰ ਦਾ ਕੱਠ ਸਾਰਾ ਨੰਦ ਸਿੰਘ ਤੂੰ ਜਾਈਂ ਸਭ ਦੱਸਕੇ ਤੇ।

## ਕਵੀਸ਼ਰ ਵਲੋਂ

ਘੇਰਾ ਚਾਰ ਚੁਫੇਰਿਓਂ ਪਿਆ ਡਾਢਾ ਰਸਤੇ ਰਹੇ ਨਾ ਸੀ ਔਣ ਜਾਣ ਵਾਲੇ।
ਧਰਤੀ ਪਾਣੀ ਦੇ ਸਜਣੋਂ ਬਣੇ ਦਲ ਦਲ ਥੱਲੇ ਖੂਹਾਂ ਦੇ ਖੂਹ ਖਪਾਣ ਵਾਲੇ।
ਕੈਂਪ ਲਾਉਣ ਦੇ ਹੁਕਮ ਜਰਨੈਲ ਦਿਤੇ ਕੌਣ ਸੂਰਮੇ ਓਥੇ ਹਟਾਣ ਵਾਲੇ।
ਪੈਦਲ ਪਲਟਨਾਂ ਤੇ ਵਿਚੇ ਤੋਪਖਾਨੇ ਖਬਰਾਂ ਵਿਚੇ ਰਸਾਲੇ ਲੈਆਣ ਵਾਲੇ।
ਗੋਰੇ ਗੋਰਖੇ ਸੂਰਮੇ ਇੰਡੀਆ ਦੇ ਕੱਠੇ ਹੋ ਗਏ ਵੰਡਕੇ ਖਾਣ ਵਾਲੇ।
ਸੇਵਾ ਇਕ ਦੀ ਦੂਸਰਾ ਕਰੇ ਯਾਰੋ ਬੀਰ ਖਾਲਸੇ ਧਰਮ ਕਮਾਣ ਵਾਲੇ।
ਖਬਰਾਂ ਭੇਜਦੇ ਰਹੇ ਦੋ ਵਕਤ ਪਿਛੇ ਸ਼ੀਸ਼ੇ ਝੰਡੀਆਂ ਜੇਹੜੇ ਲਗਾਣ ਵਾਲੇ।
ਕੱਠੀ ਹੋਈ ਬਗਦਾਦ ਬ੍ਰਿਗੇਡ ਉਤੇ ਖਤ ਭੇਜਦੇ ਰਹੇ ਡਰਾਣ ਵਾਲੇ।
ਏਧਰ ਸੂਰਮੇ ਮੱਲ ਮਦਾਨ ਬੈਠੇ ਨਹੀਂ ਤੁਰਕੀਆਂ ਤੋਂ ਡਰ ਜਾਣ ਵਾਲੇ।
ਦੁਖ ਸੁਖ ਸਰੀਰਾਂ ਦੇ ਨਾਲ ਹੁੰਦੇ ਸੀਸ ਝੱਲਦੇ ਤੇਗ ਉਠਾਣ ਵਾਲੇ।
ਬੈਠੇ ਮੌਜ ਅੰਦਰ ਕਵੀ ਨੰਦਸਿੰਘਾ ਜੇਹੜੇ ਨਿਮਕ ਹਲਾਲ ਅਖਾਣ ਵਾਲੇ।

## ਜਰਨੈਲ ਸਾਹਿਬ ਦੀ ਸਲਾਹ

ਇਕ ਰੋਜ਼ ਜਰਨੈਲ ਦਲੀਲ ਕੀਤੀ ਅਜ ਏਸ ਮਕਾਨ ਤੋਂ ਹਲੀਏ ਜੇ।
ਫਤੇ ਕਰਦੀਏ ਕਿਲਾ ਫਰੰਟ ਵਾਲਾ ਸ਼ੀਸ਼ੇ ਵਿਚ ਖਬਰਾਂ ਪਿਛੇ ਘੱਲੀਏ ਜੇ।
ਹਿੰਮਤ ਹਾਰਨੀ ਕੰਮ ਨਾ ਆਦਮੀ ਦਾ ਨਾਲ ਜੋਸ਼ ਅਗਾਹਾਂ ਨੂੰ ਚੱਲੀਏ ਜੇ।
ਗੋਲਾ ਬਾਰੀ ਨੂੰ ਸ਼ੁਰੂ ਕਰਾਓ ਛੇਤੀ ਸੁੰਨਾਂ ਮੋਰਚਾ ਸਜਣੋਂ ਮੱਲੀਏ ਜੇ।
ਤਾਕਤ ਰੱਬ ਦੀ ਨੂੰ ਵਰਤੋ ਨੰਦਸਿੰਘਾ ਸ਼ਾਇਦ ਵਿਚ ਭਰਾਵਾਂ ਦੇ ਰੱਲੀਏ ਜੇ।

## ਬਰਗੇਡ ਦੀ ਚੜ੍ਹਾਈ

ਛੋਟੇ ਅਫਸਰਾਂ ਨੇ ਪਾਕੇ ਹੁਕਮ ਜਲਦੀ ਅਗੇ ਜਾਣ ਦੀ ਕਰੀ ਚੜ੍ਹਾਈ ਛੇਤੀ।
ਲੈਣਾਂ ਵੰਡੀਆਂ ਠੀਕ ਤਕਸੀਮ ਦੇਕੇ ਉੜੇ ਵੈਰੀਆਂ ਵਾਗ ਉਠਾਈ ਛੇਤੀ।

ਹੱਲਾ ਮਾਰਕੇ ਲੈ ਲਿਆ ਮੋਰਚੇ ਨੂੰ ਕਿਲੇ ਵਿਚ ਹੋਕੇ ਫਤੇ ਪਾਈ ਛੇਤੀ।
ਕਰਨਾ ਪਿਆਰਟਿਆਰ ਅਖੀਰਓਥੋਂ ਚਲੀਪੇਸ਼ ਨਾ ਸਜਣੋਂ ਕਾਈ ਛੇਤੀ।
ਗੁਜਰੇ ਚਾਰ ਮਹੀਨੇ ਜਾਂ ਨੰਦਸਿੰਘਾ ਐਪਰ ਕਰੀਨਾ ਮੂਲਾ ਸਫਾਈ ਛੇਤੀ।

## ਚਾਰ ਮਹੀਨੇ ਤੋਂ ਮਗਰੋਂ ਦਾ ਹਾਲ

ਪਿਛੇ ਗੁਜਰੇ ਚਾਰ ਮਹੀਨਿਆਂ ਤੋਂ ਅਗੇ ਵਾਸਤੇ ਵਕਤ ਮੁਹਾਲ ਹੋਇਆ।
ਕੋਈ ਹੋਰ ਤਕਲੀਫ ਨਾ ਰਹੀ ਓਥੇ ਪੇਟ ਭਰਨਦਾ ਕੰਮ ਕੁਚਾਲ ਹੋਇਆ।
ਮਿਲੇ ਦੋ ਛਟਾਂਕ ਫੀ ਆਦਮੀ ਨੂੰ ਮੌਤੋਂ ਭੁੱਖ ਵਾਲਾ ਬੁਰਾ ਹਾਲ ਹੋਇਆ।
ਗਏ ਮੁਕ ਰਜਰਵ ਦੇ ਸਭ ਹਿਸੇ ਹਾਰ ਮੰਨਣੀ ਕੀਹ ਮਜਾਲ ਹੋਇਆ।
ਰਾਸਨ ਆਇਕੁਝਐਰੋਪਲੇਨਾ ਉਤੇ ਐਪਰ ਕਰਨਕੀ ਕੰਮਕੁਸਤਾਲਹੋਇਆ।
ਕਈਰੋਜ ਗੁਜਰੇ ਫਾਕੇ ਨੰਦਸਿੰਘਾ ਸਬਰਸਿਦਕਤੇਵਾਹਿਗੁਰੂਨਾਲਹੋਇਆ।

## ਫੇਰ ਕੈਹਣਾ ਜਰਨੈਲ ਦਾ

ਆਖੇ ਫੇਰ ਜਰਨੈਲ ਬ੍ਰਗੇਡ ਤਾਂਈ ਬਹੁਤ ਰੋਜ਼ ਹੋਗਏ ਭੁਖੇ ਮਰਦਿਆਂ ਨੂੰ।
ਅਗੇ ਵਾਸਤੇ ਨਹੀਂ ਉਮੈਦ ਕੋਈ ਮਾਹ ਪੰਜ ਗੁਜਰੇ ਦੁਖ ਭਰਦਿਆਂ ਨੂੰ।
ਦੇਹੋ ਰੱਖ ਹਥਿਆਰਅਖੀਰਹੋਇਆ ਜਿਉਂਦੇਰਹੇ ਜਾ ਮਿਲੋਗੇਘਰਦਿਆਂਨੂੰ।
ਮੌਤੋਂ ਭੁਖ ਦਾ ਬੁਰਾ ਤ੍ਰਾਸ ਯਾਰੋ ਮੁਦਤ ਹੋਈ ਹੈ ਹੀਲਿਆਂ ਕਰਦਿਆਂ ਨੂੰ।
ਮੌਕਾ ਅਜ ਅਖੀਰ ਦਾ ਆਨ ਹੋਇਆ ਸਾਰੇਕੰਮ ਹੋਗਏਅਨਸਰਦਿਆਂ ਨੂੰ।
ਘੇਰਾ ਚਾਰ ਚੁਫੇਰੇ ਤੇ ਵੈਰੀਆਂ ਦਾ ਰੱਖੇ ਕੌਣ ਪਤਾਸਿਆਂ ਖਰਦਿਆਂ ਨੂੰ।
ਹੀਲਾ ਚਲਦਾਨਾ ਕੋਈ ਨੰਦਸਿੰਘਾ ਫਾਹੀਆਂਪੈਂਦੀਮ੍ਰਿਗਾਂ ਚਰਦਿਆਂ ਨੂੰ।

## ਜਵਾਬ ਬਰਗੇਡ ਦਾ ਵਾਕ ਕਵੀਸ਼ਰ

ਕੀਤੀ ਅਰਜ ਸਿਪਾਹੀਆਂ ਅਫਸਰਾਂ ਨੇ ਹਾਰ ਮੰਨਣੀਤੋਂ ਮਰਜਾਣ ਚੰਗਾ।
ਸਾਡੇ ਵਾਸਤੇ ਭਲਾ ਨਾ ਕੈਦਹੋਣਾ ਹਿੰਦੁਸਤਾਨ ਨੂੰ ਦਾਗ ਨਾ ਲਾਣ ਚੰਗਾ।
ਮਰ ਜਾਵਾਂਗੇ ਕੋਈ ਪ੍ਵਾਹ ਨਾਂਹੀ ਨਾਲ ਸਾਥੀਆਂ ਦੁਖ ਵੰਡਾਨ ਚੰਗਾ।
ਨੱਕ ਸਾਸ ਤੇ ਆਸ ਉਮੈਦ ਸਾਨੂੰ ਨਹੀਂ ਵੈਰੀਆਂ ਦੇ ਅੰਦਰ ਜਾਣ ਚੰਗਾ।
ਖਾਧਾ ਨਿਮਕ ਸੁਕਾਰਦਾ ਸਾਰਿਆਂਨੇ ਐਪਰਕਰਕੇ ਹਲਾਲ ਦਖਾਣ ਚੰਗਾ।
ਘਰੋਂ ਆਏ ਲੜਾਈਆਂ ਕਰਨ ਖਾਤਰ ਸਾਨੂੰ ਦੁਸ਼ਮਣਾ ਦੇ ਲਹੂਨ੍ਹਾਣਚੰਗਾ।
ਹਾਰ ਮੰਨਣੀ ਨਹੀਂ ਮਨਜ਼ੂਰ ਸਾਨੂੰ ਐਥੇ ਭੁਖੇ ਤਿਹਾਏ ਸੌਂ ਜਾਣ ਚੰਗਾ।
ਕਰਨੀਅਰਜਮਨਜ਼ੂਰ ਕਵਿਨੰਦਸਿੰਘਾ ਆਕੀ ਬੈਠਿਆਂਦਾਸਾਡਾਮਾਣਚੰਗਾ।

## ਅਖੀਰੀ ਜਵਾਬ ਜਰਨੈਲ ਦਾ

ਹੋਇਆ ਨਾਮ ਬਹਾਦਰਾਂ ਵਿਚਤੁਹਾਡਾ ਤੁਸੀਂ ਸੂਰਮੇਂ ਐਸ ਜਹਾਨਅੰਦਰ।
ਮੈਂਭੀ ਮੰਨਣੀ ਹਾਰਨਾ ਚਾਹੁੰਦਾਸੀ ਐਪਰਬਣੀਔਖੀਅਰਬਸਤਾਨ ਅੰਦਰ।
ਮੱਥੇ ਸਾਹਮਣੇ ਨਾਂ ਮਿਲੀਹਾਰਸਾਨੂੰ ਹੋਗਏਰਾਸ਼ਣੋ ਬਾਝਗਲਤਾਨ ਅੰਦਰ।
ਤੁਸੀਂ ਸੀਸ ਦੇ ਨਾਲ ਨਿਬਾਹੀ ਮੇਰੇ ਜੈ ਜੈ ਥੁਆਡੀ ਹਿੰਦੁਸਤਾਨ ਅੰਦਰ।
ਅਜ ਮਾਮਲਾ ਹੋਰ ਦਾ ਹੋਰ ਬਣਿਆ ਘੇਰਾ ਪੈਗਿਆਭਾਰੀ ਮਦਾਨ ਅੰਦਰ।
ਏਸੇ ਵਾਸਤੇ ਮੰਨਣੀ ਹਾਰ ਪੈਗਈ ਤੁਸੀਂ ਜੰਗਦੇ ਧਨੀ ਹੋ ਮਾਨ ਅੰਦਰ।

## ਅਥ ਬਰਗੇਡ ਦਾ ਕੈਦੀ ਹੋ ਜਾਣਾ

ਜਾਣੋ ਤ੍ਰੀਖ ਉਨੱਤੀ ਸਤੰਬਰ ਦੀ ਨੂੰ ਸਨ ਉਨੀ ਸੌ ਸੋਲਾਂ ਵਿਚਾਰ ਦੇਖੋ।
ਗਿਯਾਰਾਂ ਵੱਜਕੇ ਸੀ ਗੁਜਰੇ ਮਿੰਟ ਚਾਲੀ ਮੰਨਲਈ ਬ੍ਰਗੇਡ ਨੇ ਹਾਰ ਦੇਖੋ।
ਟੌਨਸੰਡ ਜਰਨੈਲ ਬਹਾਦਰਾਂ ਨੇ ਦਿਤੇ ਰੱਖ ਤੁਮਾਮ ਹਥਿਯਾਰ ਦੇਖੋ।
ਮੈਗਜ਼ੀਨ ਮਸ਼ੀਨ ਸਭ ਤੋਪ ਖਾਨੇ ਦਿਤੇ ਵਿਚ ਸਮੁੰਦਰਾਂ ਡਾਰ ਦੇਖੋ।
ਖਾਲੀ ਹਥ ਹੋ ਭੇਜ ਰਿਪੋਟ ਦਿਤੀ ਲੜਨਵਾਸਤੇ ਨਹੀਂ ਮੈਂ ਤਿਯਾਰ ਦੇਖੋ।
ਤੁਰਕੀ ਫੌਜ ਨੇ ਝੱਟ ਬਣਾਏ ਕੈਦੀ ਲਈ ਸਖਤ ਬੀਮਾਰਾਂ ਦੀ ਸਾਰ ਦੇਖੋ।
ਵਕਤ ਪਏ ਨਾਂ ਰਾਜਿਆਂ ਰਾਣਿਆਂ ਨੂੰ ਚੰਗੀ ਲੁਟਕੇ ਮੌਜ ਬਹਾਰ ਦੇਖੋ।
ਨਿੱਤ ਜਿਨਾਂ ਕਬਾਬ ਸ਼ਰਾਬ ਖਾਣੇ ਖਾਧੀ ਪੰਜ ਮਹੀਨਿਆਂ ਜੁਆਰ ਦੇਖੋ।
ਫੂਹੜੀ ਮਿਲੀ ਨਾ ਹੇਠ ਵਛੋਣ ਜੋਗੀ ਜਿੱਥੇ ਵਿਛਦੇ ਪਲੰਘ ਨਵਾਰ ਦੇਖੋ।
ਖੰਡਾਂ ਚੂਰੀਆਂ ਛਕਣ ਪ੍ਰਸ਼ਾਦਿ ਵਾਲੇ ਕਰਦੇ ਰਹੇ ਛਟਾਂਕ ਅਹਾਰ ਦੇਖੋ।
ਆਫਰੀਨ ਅਫਰੀਨ ਸੌਵਾਰ ਓਨ੍ਹਾਂ ਜਿਨ੍ਹਾਂ ਕੱਟੀ ਤਕਲੀਫ ਹਜ਼ਾਰ ਦੇਖੋ।
ਪੂਰਾ ਮਾਰਿਆ ਦੰਮ ਅਖੀਰ ਤਾਂਈ ਅਜੇ ਨਹੀਂ ਸੇ ਆਪ ਤਿਯਾਰ ਦੇਖੋ।
ਔਖੇ ਮਾਮਲੇ ਰੱਬ ਨਾ ਕਿਸੇ ਪਾਵੇ ਚੰਗਾ ਸਭ ਤੋਂ ਲਵੇ ਜੇ ਮਾਰ ਦੇਖੋ।
ਦਿਲ ਪੁਛਕੇ ਦੇਖੀਏ ਓਨਾਂ ਸੰਦਾ ਜਿਨਾਂ ਮੰਗੀ ਜਬਾਨ ਤੋਂ ਹਾਰ ਦੇਖੋ।
ਜੇਕਰ ਪਿਯਾਦਾ ਸ਼ਤਰੰਜ ਦਾ ਮਾਤਹੋਵੇ ਹੁੰਦੀ ਫੀਲਿਆਂਨੂੰ ਮਾਰੋਮਾਰ ਦੇਖੋ।
ਜਿਥੇ ਆਕੜਾਂ ਫਾਕੜਾਂ ਹੋਣ ਵਧਕੇ ਓਥੇ ਆਖ ਦੇਣਾ ਤਾਬੇਦਾਰ ਦੇਖੋ।
ਸਿਰ ਉਤੇ ਦੀ ਖਾਲ ਦਾ ਵਗੇ ਪਾਣੀ ਸਭੇ ਜਾਣ ਦਾ ਰੱਬ ਗੁਫਾਰ ਦੇਖੋ।
ਕੋਣ ਜਾਣਦਾ ਰੱਬ ਦੇ ਭਾਣਿਆਂ ਨੂੰ ਹੈਨ ਕੁਦਰਤਾਂ ਬੇਸ਼ੁਮਾਰ ਦੇਖੋ।
ਕਦੇ ਵਸਤੀਆਂ ਨੂੰ ਬੀਆਬਾਨ ਕਰਦਾ ਕਦੇ ਜੰਗਲਾਂ ਵਿਚ ਬਹਾਰ ਦੇਖੋ।

ਕਦੇ ਧਰਤੀਓਂ ਚਾਹੜ ਅਕਾਸ਼ ਦੇਵੇ ਦੇਵੇ ਚੜੇ ਅਕਾਸ਼ ਉਤਾਰ ਦੇਖੋ।
ਕਦੇ ਚਿੜੀ ਤਿਹਾਈ ਦੀ ਜਾਨ ਜਾਂਦੀ ਕਦੇ ਬ੍ਰਸਦਾਏ ਮੂਹਲੇ ਧਾਰ ਦੇਖੋ।
ਕਦੇ ਨਿਰਤਕਾਰੀ ਕਾਹਨ ਗੋਪੀਆਂ ਦੀ ਕਦੇ ਸ਼ੋਕ ਅੰਦਰ ਗਮਖਾਰ ਦੇਖੋ।
ਕਦੇ ਪੌਣ ਠੰਡੀ ਕਰੇ ਸਰਦ ਸੀਨੇ ਕਦੇ ਭੱਖਦੇ ਪਏ ਅੰਗਿਆਰ ਦੇਖੋ।
ਕਦੇ ਫੁਲ ਗੁਲਾਬ ਦਾ ਟੈਹਕਦਾਏ ਕਦੇ ਨਹੀਂ ਓਥੇ ਓਹਦੀ ਖਾਰ ਦੇਖੋ।
ਕਦੇ ਭਰੀ ਸੁਰਾਹੀ ਸ਼ਰਾਬ ਦੀ ਸੀ ਕਦੇ ਉਡ ਰਹੀ ਓਥੇ ਛਾਰ ਦੇਖੋ।
ਕਦੇ ਚਲਦੀ ਕਲਮ ਕਵੀਸ਼ਰਾਂ ਦੀ ਛੰਦ ਲਿਖਦੀਏ ਮਜੇਦਾਰ ਦੇਖੋ।
ਕਦੇ ਬੇਰ ਖਾਵੇ ਤੋਤਾ ਟੀਸੀਆਂ ਦੇ ਕਦੇ ਪਿੰਜਰੇ ਵਿਚ ਲਾਚਾਰ ਦੇਖੋ।
ਭਾਵੀ ਰੱਬ ਦੀ ਟਲੇ ਨਾ ਹੌਲਦਾਰਾ ਕੂਕ ਦੱਸ ਰਹੇ ਵੇਦ ਚਾਰ ਦੇਖੋ॥

## ਸੋਲਾਂ ਮਾਰਚ ਅਦਨ ਵਿਚ ਲੜਾਈ

ਖਬਰਾਂ ਭੇਜੀਆਂਸੀ ਤੁਰਕੀ ਸੂਬਿਆਂਨੇ ਸਾਡੇ ਸਾਹਿਬਜਰਨੈਲਬਹਾਦਰਾਂ ਨੂੰ।
ਧਾਵਾ ਕਰਾਂਗੇ ਤੇਰੇ ਬ੍ਰਗੇਡ ਉਤੇ ਕਠੇ ਕਰਲਿਆ ਨਾਦਰਾਂ ਕਾਦਰਾਂ ਨੂੰ।
ਅਠ ਸੱਤ ਹਜ਼ਾਰ ਦੀ ਫੌਜ ਓਹਦੀ ਰਲੇ ਮੁਲਖੀਏ ਬੰਨਕੇ ਚਾਦਰਾਂ ਨੂੰ।
ਤੁਰਕੀ ਫੌਜ ਮਾਜੂਦ ਰਜਰਵ ਅੰਦਰ ਮਿਲ ਹੋਏ ਅਨੰਦ ਬਰਾਦਰਾਂ ਨੂੰ।

## ਤਥਾ

ਤ੍ਰੀਖ ਪੰਦਰਾਂ ਹੀ ਰਾਤੋ ਰਾਤ ਆਕੇ ਚੋਰੀ ਦੁਸ਼ਮਣਾਂ ਡੇਰਾ ਜਮਾਇਯਾ ਸੀ।
ਤੋਪਾਂ ਲੈਗਏ ਰਾਇਟ ਫਲੈਂਕ ਉਤੇ ਸਾਡੇ ਸਾਥੀਆਂ ਭੇਦ ਨਾ ਪਾਇਯਾ ਸੀ।
ਤਿੰਨ ਲੈਣ ਅਟੈਕ ਤਕਸੀਮ ਕੀਤਾ ਖੁਲਾ ਗੋਲੀ ਬਰੂਦ ਲੰਘਾਯਾ ਸੀ।
ਕੋਈ ਖਬਰ ਨਾ ਸਾਡੇ ਫਰੇਸ਼ਤੇ ਨੂੰ ਅਸੀਂ ਸੁਤਿਆਂ ਵਕਤ ਲੰਘਾਯਾ ਸੀ।
ਸੋਲਾਂ ਮਾਰਚਦੀ ਫਜਰ ਨਜੀਕ ਪਹੁੰਚੀ ਸੂਰਜ ਹੋਰਾਂਭੀ ਦਰਸਦਖਾਯਾਸੀ।
ਸ਼ਿਸਤ ਬੰਨਕੇ ਤੁਰਕੀਆਂ ਗੰਨਰਾਂ ਨੇ ਸਖਤ ਫੈਰ ਦਾ ਗੋਲਾ ਬ੍ਰਸਾਯਾ ਸੀ।
ਕੱਲੀ ਗਾਇਡ ਮਲਾਏ ਸਟੇਟ ਵਾਲੀ ਜੀਹਨੂੰ ਹੈਟ ਫਲੈਂਕ ਸੰਭਾਯਾ ਸੀ।
ਚਾਰ ਕੌਪਨੀਆਂ ਕੁਲ ਕੁਮਾਨ ਉਤੇ ਘੇਰਾ ਚਾਰ ਦੁਫੇਰਿਓਂ ਪਾਯਾ ਸੀ।
ਨਹੀਂ ਛਡਿਆ ਮੋਰਚਾ ਬਹੁਤ ਘੰਟੇ ਮਿਲਕੇ ਫਾਮ ਸੁਕਿਆਰ ਬਣਾਯਾ ਸੀ।
ਮਦਦ ਔਣਦਾ ਫਾਸਲਾ ਦੂਰਦਾ ਸੀ ਗਾਇਡ ਬਾਤ੍ਰੀ ਜਲਦ ਮੰਗਾਯਾ ਸੀ।
ਠੱਲ ਪਾਈ ਮਸ਼ੀਨਾਂਨੇ ਨੰਦਸਿੰਘਾ ਤੁਰਕਾਂ ਬਹੁਤ ਨੁਕਸਾਨ ਉਠਾਯਾ ਸੀ।

---o---

### ਤਥਾ

ਮਦਦਗਈ ਸੀ ਬਾਂਈ ਫਲੈਂਕਉਤੇ ਉਨੱਤਰ ਫੌਜਦੇ ਸੂਰਮੇ ਝੱਟਗਏ ਸਨ।
ਲੈਣ ਤੋੜ ਦਿਤੀ ਜਾਕੇ ਤੁਰਕੀਆਂ ਦੀ ਚੰਗੇ ਵਿਚ ਮਦਾਨਵੇਡੱਟਗਏ ਸਨ।
ਕੀਤਾ ਜੰਗੀ ਜਹਾਜ਼ਨੂੰ ਰੈਂਜ ਉਤੇ ਤੁਰਕੀਲੋਕ ਪਿਛਾਹਾਂਨੂੰ ਹੱਟ ਗਏ ਸਨ।
ਤੋਪਾਂ ਗੱਜੀਆਂ ਬਦਲਾਂ ਵਾਂਗ ਓਥੇ ਉਤੇ ਵੈਰੀਆਂ ਦੇ ਗੋਲੇ ਫੱਟਗਏ ਸਨ।
ਪਈਆਂਭਾਜੜਾਂਥਾਉਂਨਾਂ ਨੂ ਕਦਿਆਂਨੂੰਮੈਗਜ਼ੀਨਹਥਿਯਾਰਾਂਨੂੰਸੱਟਗਏਸਨ।
ਮੂਰਦੇ ਜ਼ਖਮੀਆਂਦੇਪਏਹਾੜਬੋਲਨ ਸੁਵਾਸਜਿਨ੍ਹਾਂ ਦੇ ਸਜਣੋਘੱਟਗਏ ਸਨ।
ਖੇਤ ਹਾਰਕੇ ਗਏ ਜੁਆਨ ਤੁਰਕੀ ਕੌਡੀ ਇਕ ਛਦਾਮਨਾ ਖੱਟ ਗਏ ਸਨ।
ਸਾਡਾ ਮੋਰਚਾ ਕੀਤਾ ਅਟੈਕ ਤੁਰਕਾਂ ਹਾਰ ਖਾਇਕੇਪਿਛਾਂਹ ਪ੍ਰੱਤਗਏ ਸਨ।
ਪਿਛੇਹੋਏ ਰਟਿਆਰਜਾਂ ਨੰਦਸਿੰਘਾ ਮਗਰਤੁਰਕੀਆਂ ਦੇਪੈਕੇਜੱਟਗਏਸਨ।

### ਸ਼ਰੀਫ ਛੰਦ

ਸਾਡੇ ਤੋਪ ਖਾਨਿਆਂ ਮਚਾਈ ਧੂੰਮ ਜੀ। ਤੁਰਕਾਂ ਬਹਾਦਰਾਂ ਨੂੰ ਕੀਤਾ ਗੁੰਮ ਜੀ। ਚਲਦੀ ਨਾ ਪੇਸ਼ ਦਾ ਕਸੂਤੇ ਆ ਗਏ। ਨਫਰੀ ਕਰੀਬ ਸੈਂਕੜੇ ਘਟਾ ਗਏ। ਜਿਤਨੇ ਨੂੰ ਆਏ ਸਗੋਂ ਚਲੇ ਹਾਰ ਕੇ। ਪਿਆ ਬ੍ਰਗੇਡ ਪਿਛੇ ਛਾਲਾਂ ਮਾਰਕੇ। ਆਖਦੇ ਸਿਆਣੇ ਜੀਹਨੂੰ ਫਤੇ ਰੱਬ ਦੀ। ਮੰਦੀ ਚੰਗੀ ਓਸੇ ਵਾਹਿਗੁਰੂ ਨੂੰ ਫੱਬ ਦੀ। ਨਿੰਦਨੇ ਦੇ ਲੈਕ ਨਾ ਜੁਆਨ ਤੁਰਕੀ। ਪੜ੍ਹੀ ਸੀ ਕਹਾਣੀ ਮੈਂ ਕਤਾਬੋਂ ਧੁਰਕੀ। ਚੰਗੇ ਚੰਗੇ ਸੂਬਿਆਂ ਦੇ ਜੇਹੜੇ ਲਟਕੇ। ਲੜਦੇ ਮਦਾਨ ਵਿਚ ਖੂਬ ਡੱਟਕੇ। ਹਿੰਦ ਨਾਲੋਂ ਤਾਕਤਾਂ ਜ਼ਰੂਰ ਕਮਤੀ। ਸਾਰੇ ਅਖਬਾਰਾਂ ਵਾਲੇ ਦੇਣ ਸੱਮਤੀ। ਹੋਗਏ ਰਟਿਆਰ ਜਦੋਂ ਚਲੀ ਪੇਸ਼ ਨਾ। ਬਨਿਆ ਮੁਕਾਬਲੇ ਦਾ ਕੋਈ ਭੇਸ ਨਾ।

### ਵਾਕ ਕਵੀਸ਼ਰ

ਸਮਾਂਚਾਰ ਲੜਾਈ ਦੇ ਦਸੀਏ ਕੀ ਏਸ ਚੰਦਰੀ ਦਾ ਮੁੱਦਾ ਮੂਲ ਔਖਾ।
ਗਏ ਮੁਕ ਬ੍ਰਗੇਡ ਬਾਦਸ਼ਾਹੀਆਂ ਦੇ ਪਾਪੀ ਜੰਗਦਾ ਬਹੁਤ ਅਸੂਲ ਔਖਾ।
ਜ਼ਖਮ ਨੇਜੇ ਤਲਵਾਰ ਸਗੀਨ ਵਾਲੇ ਇਕ ਪੇਟਦਾ ਝੱਲਣਾ ਸੂਲ ਔਖਾ।
ਮਾੜੇ ਆਦਮੀ ਦਿਲੋਂ ਕਰਾੜ ਜੇਹੜੇ ਓਹਨਾਂ ਵਾਸਤੇ ਫਿਰਨਪਟਰੂਲਔਖਾ।
ਮਾਰੋ ਮਾਰ ਹੁੰਦੀ ਦੇਸ ਵੈਰੀਆਂ ਦੇ ਕਰਨਾ ਹੁਕਮਦਾ ਸਖਤ ਅਦੂਲ ਔਖਾ।
ਉਤੇ ਬੰਬ ਤੇ ਹੇਠ ਮਸ਼ੀਨ ਗੱਨਾਂ ਪੜ੍ਹਨ ਵਾਲਿਆਂ ਏਹ ਸਕੂਲ ਔਖਾ।

ਤਖਤਾ ਪਿਆ ਜ਼ਮੀਨ ਦਾ ਕੰਬਦਾਏ ਸਚੇ ਰੱਬ ਦਾ ਵਰਤਣਾ ਕੂਲ ਔਖਾ।
ਯੂਰਪ ਏਸ਼ੀਆ ਨੂੰ ਪਏ ਫਿਕਰ ਯਾਰੋ ਹੋਇਆ ਸਭਨੂੰ ਪਾਣਾ ਵਸੂਲਔਖਾ।
ਭਾਣਾ ਰੱਬਦਾ ਬੀਤਿਆ ਹੋਲਦਾਰਾ ਕਰਨਾਬੰਦਿਆਂ ਪਿਆ ਕਬੂਲ ਔਖਾ।

## ਜੰਗੀ ਬਹਾਦਰਾਂ ਦਾ ਸਮਾਂਚਾਰ

ਧੰਨ ਜਨਮ ਹੈ ਫੌਜੀਆਂ ਮੌਜੀਆਂ ਦਾ ਵਿਚੇ ਦੁਖਦੇ ਵਕਤਲੰਘਾਈ ਜਾਂਦੇ।
ਜੇਹੜੇ ਵਿਚ ਹਵੇਲੀਆਂ ਸੌਣ ਵਾਲੇ ਕਰਕੇ ਨਿਮਕਹਲਾਲ ਦਖਾਈ ਜਾਂਦੇ।
ਸਬਰ ਵੱਧ ਫਕੀਰਾਂ ਤੋਂ ਜੰਗੀਆਂ ਦਾ ਰੈਫਲਭੁਖੇ ਤਿਹਾਏ ਉਠਾਈ ਜਾਂਦੇ।
ਕੰਮ ਦਿਨਾ ਦੇ ਗੁਜ਼ਰ ਗਏ ਸਾਲ ਜਿਥੇ ਹੋਕੇ ਸੂਰਮੇ ਰੋਹ ਵਧਾਈ ਜਾਂਦੇ।
ਵਿਚੇ ਮੋਰਚੇ ਗੌਣ ਵਜੌਣ ਕਰਦੇ ਵਿਚੇ ਵੈਰੀਆਂ ਦੇ ਲਹੂ ਨਾਈ ਜਾਂਦੇ।
ਨਿੱਤ ਨੇਮ ਨਾ ਛਡਿਆ ਖਾਲਸੇ ਨੇ ਪੁਰਬ ਗੁਰਾਂ ਦੇ ਵਿਚ ਮਨਾਈ ਜਾਂਦੇ।
ਹਿੰਦੂਗਾਇਤ੍ਰੀ ਸੰਧਿਆ ਕਰਨ ਵਿਚੇ ਮੁਸਲਮਾਨਭੀ ਸੀਸਨਿਵਾਈ ਜਾਂਦੇ।
ਧੋਖਾ ਚੁਕ ਬੈਠੇ ਮਰ ਜਾਣ ਵਾਲਾ ਗੋਲੀ ਬੰਨਕੇ ਸ਼ਿਸਤ ਚਲਾਈ ਜਾਂਦੇ।
ਹਥ ਮਾਰ ਜਾਂਦੇ ਡੰਡ ਕੁਸ਼ਤੀਆਂ ਨੂੰ ਤਾਕਤ ਗਭਰੂ ਹੋਰ ਵਧਾਈ ਜਾਂਦੇ।
ਕਦੇਛੇੜ ਕਹਾਣੀਆਂ ਵਕਤ ਕੱਟਣ ਕਦੇਲੱਛੀ ਦੀਆਂਬੋਲੀਆਂਪਾਈ ਜਾਂਦੇ।
ਕਦੇ ਨਾਲ ਮੁਕਾਬਲੇ ਦੁਸ਼ਮਨਾਂ ਦੇ ਕਦੇ ਭਾਈ ਜੀ ਸ਼ਬਦ ਸੁਣਾਈ ਜਾਂਦੇ।
ਲੋਕਾਂ ਨਾਮ ਤਲੰਗੇ ਦੀ ਅੱਲ ਪਾਈ ਨਾਮ ਸੂਰਮੇ ਜੱਗ ਸਦਾਈ ਜਾਂਦੇ।
ਜੈਸੇ ਹੱਥ ਵਖਾਏ ਤਲੰਗਿਆਂ ਨੇ ਵਿਦਵਾਨ ਤਵਾਰੀਖਾਂ ਬਣਾਈ ਜਾਂਦੇ।
ਸਦਾ ਨਾਮ ਜਹਾਨ ਤੇ ਨੰਦ ਸਿੰਘਾ ਜੇਹੜੇ ਧਰਮਦੀ ਕ੍ਰਿਤ ਕਮਾਈ ਜਾਂਦੇ।

## ਵੈਰ ਦੂਨ ਦੀ ਤਾਰ

ਵੈਰ ਦੂਨ ਜਜ਼ੀਰਾ ਪਹਾੜੀਆਂ ਦਾ ਸਿਰਹੱਦੀ ਜੋ ਜਰਮਨ ਫਰਾਂਸ ਦੀਏ।
ਕਿਲੇ ਬਹੁਤ ਭਾਰੇ ਪ੍ਰਾਚੀਨ ਓਥੇ ਕੋਈ ਬਾਤ ਨਾਹੀ ਆਮ ਖਾਸ ਦੀਏ।
ਓਥੇ ਯੂਰਪੀ ਸਿਰਫ ਮੁਕਾਬਲਾ ਸੀ ਸੱਚੀ ਬੇਨਤੀ ਸਜਣੋ ਦਾਸ ਦੀਏ।
ਦੋਹਾਂ ਧਿਰਾਂ ਦੇ ਹੈਸੀ ਅਕੱਠ ਓਥੇ ਮਾਨੋ ਕੱਲਰੀ ਕੂਲਾਂ ਦੇ ਨਾਸ ਦੀਏ।
ਜੰਗ ਬਹੁਤ ਚਰੋਕਣਾ ਰਿਹਾ ਜਾਰੀ ਜਗਾ ਹੋਗਈ ਮੁਰਦਿਆਂ ਮਾਸਦੀਏ।
ਨਹੀਂ ਸੈਂਕੜੇ ਕੁਝ ਹਜ਼ਾਰ ਗਿਨਤੀ ਗਿਨਤੀ ਲਖਾਂ ਕ੍ਰੋੜਾਂ ਦੀ ਭਾਸਦੀਏ।
ਹੈਨ ਹੁਕਮ ਕਰਤਾਰ ਦੇ ਹੋਲਦਾਰਾ ਮੱਛੀ ਹੁਕਮ ਦੇ ਬਾਝ ਨਾ ਫਾਸਦੀਏ।

---o---

## ਛੱਬੀ ਮਈ ਦੀ ਤਾਰ

ਚੌਵੀ ਪੱਚੀ ਤੇ ਛੱਬੀ ਤ੍ਰੀਕ ਮਈ ਨੂੰ ਵੈਰਦੂਨ ਤੇ ਪਈਆਂ ਦੁਹਾਈਆਂਜੀ।
ਤਿੰਨ ਤਿੰਨ ਸੌ ਤੋਪਦੀ ਜੁੜੀ ਨਾਲੀ ਤਿੰਨਰੋਜ਼ ਸਭਹੈਪਡ ਕਰਵਾਈਆਂਜੀ।
ਸੀਸ ਫੈਰ ਦੀ ਸੁਣੀਅਵਾਜ਼ਨਾਹੀਂ ਧੰਨਕੁਦਰਤਾਂ ਮੇਰਿਆ ਸਾਂਈਆਂ ਜੀ।
ਓਹਨਾਂ ਦੇਵੀਆਂਦੇ ਫੈਰ ਸ਼ੁਰੂ ਹੋਗਏ ਜੋਸੀ ਦੇਖਣੇਲਾਇਕਬਣਾਈਆਂ ਜੀ।
ਚੌਦਾਂਇੰਚੀਆਂ ਖੋਹਲਭਰਾੜ ਦਿਤੇ ਹੈਸੀ ਗਜ਼ਬ ਅੰਧੇਰੀਆਂ ਆਈਆਂ ਜੀ।
ਕਿਲੇ ਤੋੜਕੇ ਸਫਾ ਜ਼ਮੀਨ ਕੀਤੀ ਬਣਕੇ ਧੂੜ ਪਹਾੜੀਆਂ ਛਾਈਆਂ ਜੀ।
ਦਿਨ ਤੀਸਰੇ ਨੂੰ ਫੈਰ ਬੰਦ ਹੋ ਗਏ ਜਾਨਾਂ ਲਖ ਹਜ਼ਾਰ ਗਵਾਈਆਂ ਜੀ।
ਨੀਚੇ ਇਰਦਗਿਰਦੇਤੋਪਖਾਨਿਆਂਦੀ ਅਤੇ ਵਿਚ ਅਕਾਸ਼ ਹਵਾਈਆਂ ਜੀ।
ਦੋਹਾਂ ਧਿਰਾਂ ਦੇ ਹੈਨ ਮਜ਼ਬੂਤ ਝੰਡੇ ਫੌਜਾਂ ਡਟਕੇ ਖੂਬ ਜਮਾਈਆਂ ਜੀ।
ਆਖਰਹਾਰ ਖਾਧੀ ਥੋੜੀ ਜਰਮਨਾਂ ਨੇਲੈਣਾਰਾਤਨੂੰ ਪਿਛੇ ਹਟਾਈਆਂ ਜੀ।
ਕਿਸਮਤ ਚੰਦਰੀਓਸਜ਼ਮੀਨਦੀਸੀ ਜਿਥੇ ਖੂਹਣੀਆਂਲਖ ਖਪਾਈਆਂ ਜੀ।
ਮੇਰੇ ਮਾਲਕਾ ਧੰਨ ਰਜਾਇ ਤੇਰੀ ਗੱਲਾਂ ਕੀ ਏਥੇ ਵਰਤਾਈਆਂ ਜੀ।
ਸਭੋ ਕਾਰ ਹੁੰਦੀ ਤੇਰੇ ਹੁਕਮ ਅੰਦਰ ਸਿਆਣੇ ਆਖਦੇ ਰਬਰਜਾਈਆਂ ਜੀ।
ਜਿਥੇ ਵਿਦਜਾ ਤੇ ਹੁਨਰਵੰਦੀਆਂ ਸੀ ਨਦੀਆਂ ਲਹੂਦੇਨਾਲਭਰਾਈਆਂ ਜੀ।
ਫੁਲ ਖਿੜੇ ਸੀ ਏਨ੍ਹਾਂ ਪਹਾੜੀਆਂ ਤੇ ਅਜ ਗੋਲਿਆਂ ਨਾਲ ਉਡਾਈਆਂਜੀ।
ਵੈਰਦੂਨ ਸੀ ਵਾਸਤੇ ਸੈਰ ਕਰਨੇਂ ਜਿਥੇ ਭੱਠੀਆਂ ਅਜ ਦਗਾਈਆਂ ਜੀ।
ਕੀਤੀ ਆਪਦੀ ਨੂੰ ਓਹੀ ਜਾਣਦਾਹੈ ਨੰਦਸਿੰਘ ਕੀ ਕਰੇਂ ਚਤਰਾਈਆਂਜੀ।

## ਤਥਾ

ਫੇਰ ਛੱਬੀ ਤਰੀਕ ਸਿਆਮ ਦੀ ਨੂੰ ਮੁਰਦੇ ਜ਼ਖਮੀਆਂ ਦੀ ਪੜਤਾਲ ਹੋਈ।
ਇਕੋ ਮੁਲ ਸਿਪਾਹੀਆਂ ਅਫਸਰਾਂ ਦਾ ਊਚਨੀਚਦੀ ਤਦੋਂ ਹੜਤਾਲ ਹੋਈ।
ਸਤਵੰਜਾ ਰੇਲਗਡੀਭਰੀ ਜਰਮਨਾਂਦੀ ਮੁਰਦੇਜ਼ਖਮੀਆਂਦੀਐਸੀ ਚਾਲਹੋਈ।
ਸਾਡੀ ਤਰਫ ਦਾ ਭੀ ਏਹੀ ਹਾਲ ਸਮਝੋ ਦਸਣਲਗਿਆਂਇਕ ਮਸਾਲ ਹੋਈ।
ਵੈਰਦੂਨ ਦੇ ਵਿਚ ਕਲਜੋਗਣਾਂ ਦੀ ਸੱਚ ਮੁੱਚ ਹੀ ਦੇਵੀ ਦਿਆਲ ਹੋਈ।
ਏਥੇ ਉਪਮਾਂ ਕਵੀ ਤੋਂ ਰੈਹਤ ਹੋਕੇ ਨਦੀ ਪਾਣੀਆਂਦੀ ਲਾਲੋਲਾਲ ਹੋਈ।
ਗਿਣਤੀ ਕਰਨ ਦੀ ਲੋੜਕੀਨੰਦਸਿੰਘਾ ਪਤਾਲੱਗੂਜਦਮਰਦਸ਼ੁਮਾਲਹੋਈ।

---o---

## ਸ਼ਰੀਫ ਛੰਦ

ਦਸੀਏ ਕੀ ਹਾਲ ਸਾਰੇ ਵੈਰਦੂਨ ਦੇ। ਚਲ ਗਏ ਪਨਾਲੇ ਫੌਜੀਆਂ ਦੇ ਖੂੰਨ ਦੇ। ਗੋਰਿਆਂ ਡਵੀਜ਼ਨਾਂ ਦੇ ਜੁੜੇ ਦੱਲ ਜੀ। ਇੰਡੀਆ ਨਾ ਗਿਆ ਵੈਰਦੂਨ ਵੱਲ ਜੀ। ਮੁਦਤ ਬਤੀਤ ਗਈ ਏਸ ਜੰਗ ਨੂੰ। ਮੋੜਿਆ ਨਾ ਕਿਸੇ ਨੇ ਪਛਾੜੀ ਅੰਗ ਨੂੰ। ਤੋਪ ਤੇ ਮਸ਼ੀਨ ਗੰਨਾਂ ਗਈਆਂ ਟੁਟ ਜੀ। ਐਸੀ ਵੈਰਦੂਨ ਉਤੇ ਪੈਗੀ ਲੁਟ ਜੀ। ਨਫਰੀ ਡਵੀਜ਼ਨਾ ਦੀ ਜਾਂਦੀ ਘੱਟਦੀ। ਹੋਣੀ ਕਮਜ਼ਾਤ ਨਾਂ ਕਿਸੇ ਤੋਂ ਹੱਟਦੀ। ਇਹੋ ਜੇਹੀ ਲੜਾਈ ਦਾ ਸੀ ਨਾਦ ਵੱਜਿਆ। ਜਿਤਨਾ ਪਹਾੜ ਮੁਰਦਿਆਂ ਨੇ ਕੱਜਿਆ। ਟੁਟਿਆ ਨਾ ਮੋਰਚਾ ਵਿਚਾਲੇ ਰੈਹ ਗਿਆ। ਦੋਨੋਂ ਬਾਦਸ਼ਾ-ਹੀਆਂ ਦਾ ਦਿਲ ਢੈਹ ਗਿਆ। ਪੰਜ ਪੰਜ ਲਖ ਦੀ ਮੁਕਾਈ ਫੌਜ ਰੇ। ਬਣੀ ਕਲਜੋਗਣਾ ਨੂੰ ਦੇਖੋ ਮੌਜ ਰੇ। ਬੰਦਿਆਂ ਦੇ ਵਸ ਨਹੀਂ ਭਾਵੀ ਰੱਬ ਦੀ। ਚੰਗੀ ਮੰਦੀ ਓਸੇ ਵਾਹਿਗੁਰੂ ਨੂੰ ਫੱਬਦੀ। ਖਾਣਾ ਦਾਣਾ ਜਿਨ੍ਹਾਂ ਦਾ ਜਹਾਨੋਂ ਮੁਕਿਆ। ਨੇੜੇ ਵੈਰਦੂਨ ਦੀ ਪਹਾੜੀ ਢੁਕਿਆ। ਲਦ ਗਏ ਜਹਾਨ ਉਤੋਂ ਸ਼ਾਹ ਸਕੰਦਰਾਂ। ਸੋਨੇ ਦੀਆਂ ਲੰਕਾਂ ਲੁਟੀਆਂ ਚਾ ਬੰਦਰਾਂ। ਏਕ ਲੱਖ ਪੂਤ ਸਵਾ ਲਾਖ ਨਾਤੀਆਂ। ਐਸੇ ਰਾਵਣੇ ਦੇ ਨਹੀਂ ਦੀਵੇ ਬਾਤੀਆਂ। ਜਿਥੇ ਰਾਜ ਧਾਨੀਆਂ ਮਦਾਨ ਦਿਸਦੇ। ਤੇਰੇ ਬਿਨਾਂ ਵਾਹਿਗੁਰੂ ਏਹ ਭਾਣੇ ਕਿਸਦੇ। ਮਰਨਾ ਤੇ ਜੀਵਣਾ ਤੁਹਾਰੀ ਖੇਲ ਜੀ। ਪਾਣੀਆਂ ਦੇ ਵਿਚ ਤੂੰ ਚਲਾਵੇਂ ਰੇਲ ਜੀ। ਬਿਨ ਤਕਦੀਰੋਂ ਨਹੀਂ ਪੱਤਾ ਝੁਲਿਆ। ਨੰਦ ਸਿੰਘ ਕਵੀਆ ਤੂੰ ਫਿਰੇਂ ਭੁਲਿਆ।

## ਅਥ ਲਾਟ ਕਿਚਨਰ ਸਾਹਿਬ ਦਾ ਮਰ ਜਾਣਾ

ਕਿਚਨਰਲਾਟਨੂੰਜਾਣਦੇਲੋਕਸਾਰੇ ਡਿਊਟੀਰਿਹਾਪੈਹਲੇਹਿੰਦੁਸਤਾਨਅੰਦਰ।
ਜਤੀ ਸਤੀ ਸੰਤੋਖ ਈਮਾਨ ਵਾਲਾ ਧਨੀ ਤੇਗ ਦਾ ਜੰਗ ਮਦਾਨ ਅੰਦਰ।
ਹੁਨਸੀ ਜੰਗੀਵਜ਼ੀਰ ਬਰਤਾਨੀਆਂ ਦਾ ਹੈਸੀਪੂਰਾ ਮਨੁੱਖ ਦੀ ਸ਼ਾਨ ਅੰਦਰ।
ਚੜ੍ਹੇ ਲੰਡਨੋਂ ਜੰਗੀ ਜਹਾਜ਼ ਉਤੇ ਲੈਕੇ ਪੂਰਾ ਸਟਾਫ ਹੁਕਮਾਨ ਅੰਦਰ।
ਹੋਗਏ ਸਗਨ ਮੰਦੇਪੈਗਏਵੈਹਣ ਲੰਬੇ ਆਗਏਬੇਲੀਓਭਾਰੇ ਤੁਫਾਨ ਅੰਦਰ।
ਆਈ ਜੂਨ ਦੀ ਪੰਜ ਤਰੀਕ ਭੈੜੀ ਜਾਣੋ ਉਂਨੀ ਸੌ ਸੋਲਾਂ ਦੇ ਸਾਨਅੰਦਰ।
ਅਗੇਪਹੁੰਚਣਾ ਰੂਸਦੀ ਰਾਜਧਾਨੀ ਮਲਕਲਮੌਤ ਆਖੇਬੀਆਬਾਨ ਅੰਦਰ।

ਦਿਲਆਖਦਾ ਕਰਾਂ ਮੈਂ ਬਾਦਸ਼ਾਹੀ ਕਿਸਮਤਆਖਦੀ ਮੰਗਜਹਾਨ ਅੰਦਰ।
ਦਿਲਆਖਦਾ ਮਿਲਣਜੁਵਾਹਰਮੋਤੀ ਕਿਸਮਤਆਖਦੀਰਹੁ ਈਮਾਨ ਅੰਦਰ।
ਦਿਲਆਖਦਾ ਰੰਗ ਮਹੱਲਚਾਹੀਏਕਿਸਮਤ ਆਖਦੀ ਬੈਠ ਦਲਾਨ ਅੰਦਰ।
ਦਿਲ ਆਖਦਾਬਾਗਦੀ ਸੈਲਕਰੀਏ ਕਿਸਮਤ ਆਖਦੀਲੇਟਮਸਾਨ ਅੰਦਰ।
ਦਿਲਆਖਦਾ ਪਦਮਨੀ ਨਾਰਹੋਵੇ ਕਿਸਮਤਕਹੇ ਫਕੀਰੀਦੇ ਧਿਆਨ ਅੰਦਰ।
ਦਿਲ ਆਖਦਾ ਪੈਰਸ ਬੰਬਈ ਵੇਖਾਂਕਿਸਮਤਆਖਦੀਚਲਈਰਾਨਅੰਦਰ।
ਦਿਲਆਖਦਾ ਕਰਾਂ ਕਵੀਸ਼ਰੀ ਨੂੰ ਕਿਸਮਤ ਆਖਦੀ ਬਸ ਜ਼ੁਬਾਨ ਅੰਦਰ।
ਅਕਲ ਆਖਦੀ ਤੁਰੇ ਜਹਾਜ਼ ਛੇਤੀ ਭਾਵੀ ਆਖਦੀ ਪਵੇਨੁਕਸਾਨਅੰਦਰ।
ਦੂਰ ਦਿਸਦੀ ਰੂਸ ਦੀ ਰਾਜਧਾਨੀ ਮਿਲੇ ਪਹੁੰਚਣਾ ਨਹੀਂ ਮਕਾਨ ਅੰਦਰ।
ਭਾਵੀ ਬੀਤਗਈ ਰਾਜਿਆਂਰਾਣਿਆਂ ਤੇ ਕੋਈਰਿਹਾਨਾਏਸ ਜਹਾਨ ਅੰਦਰ।
ਕਿਚਨਰਲਾਟ ਵਿਚਾਰੇਦੀਆਈ ਵਾਰੀਮਦਦਕੋਈਨਾ ਰਹੀ ਧਿਆਨ ਅੰਦਰ।
ਮਹਾਂਦੀਪ ਭਾਰਾ ਆਇਰਲੈਂਡਵਾਲਾ ਪਾਣੀ ਜੰਮਕੇਬਣੀ ਬਰਫਾਨ ਅੰਦਰ।
ਟੁਟ ਗਿਆ ਜਹਾਜ਼ ਮੁਸ਼ਾਫਰਾਂ ਦਾ ਆਗੀ ਸਾਰਿਆਂ ਦੀ ਮੁਠੀਜਾਨ ਅੰਦਰ।
ਬੇਈ ਮਾਨੀਆਂ ਕੀਤੀਆਂ ਬੇਈ ਮਾਨਾਂ ਲੇਖਾ ਦੇਣਗੇ ਸੱਚ ਦੁਕਾਨ ਅੰਦਰ।
ਜੀਹਨੂੰ ਮਾਨਸੀ ਭਾਰੇ ਡਵੀਜ਼ਨਾਂ ਦਾ ਅਜ ਕੋਈ ਨਾ ਦਿਸੇ ਕਮਾਨ ਅੰਦਰ।
ਕੋਈ ਦਿਸੇ ਨਾ ਘਾਸ ਜ਼ਮੀਨ ਓਥੇ ਛਲਾਂ ਪੈਂਦੀਆਂਓਸਘਮਸਾਨ ਅੰਦਰ।
ਆਈਮਾੜੀ ਤਕਦੀਰਵਿਚਾਰਿਆਂਦੀ ਘਾਟਾਪਾਗਏ ਸ਼ਾਹੀਦੀਵਾਨ ਅੰਦਰ।

## ਅਫਸੋਸ ਕਵੀ

ਰੱਬਾਕੀਹਤੇਰੀ ਮਰਜੀ ਆਣਹੋਈ ਏਥੇਭਾਵੀਆਂ ਸਖਤਵਰਤਾਈਆਂਕਿਉਂ।
ਤੁਰੇਜਾਂਦਿਆਂਬੀਰ ਮੁਸਾਫਰਾਂ ਨੂੰ ਵਿਚਸਾਗਰਾਂ ਆਫਤਾਂ ਆਈਆਂ ਕਿਉਂ।
ਐਸੇ ਚੰਦਰੇ ਭੈੜੇ ਜਹਾਜ਼ ਉਤੇ ਕਰਨ ਦਿਤੀਆਂ ਓਨ੍ਹਾਂ ਚੜ੍ਹਾਈਆਂ ਕਿਉਂ।
ਵਿਚੇ ਰਹੇ ਦਲੀਲਦੇ ਕੰਮਸਾਰੇ ਲਾਟਸਾਹਿਬ ਉਤੇਭੀੜਾਂ ਪਾਈਆਂ ਕਿਉਂ।
ਜੀਹਦੀਲੋੜਸਾਨੂੰ ਅਗੇਲੋੜਦਾਤੂੰ ਪਾਵੇਂਜੰਗੀਆਂਵਿਚ ਜੁਦਾਈਆਂ ਕਿਉਂ।
ਮਿਲਕੇਸਾਰਿਆਂਨੇ ਅਸੀਂਫਤੇਕਰਨੀਰੂਹਾਂਪਾਣੀਆਂਵਿਚਡੁਬਾਈਆਂ ਕਿਉਂ।
ਲਿਖੀਰੱਬਦੀ ਕੌਣ ਮਟਾਣ ਵਾਲਾ ਦਿੰਦੇ ਮੂਰਖਾਂ ਵਾਂਗ ਦੁਹਾਈਆਂ ਕਿਉਂ।
ਭਾਣਾ ਰੱਬਦਾ ਮੰਨਤੂੰ ਹੌਲਦਾਰਾ ਐਵੇਂ ਘੋਟਦਾ ਪਿਆ ਦਨਾਈਆਂ ਕਿਉਂ।

--o--

ਤਥਾ

ਜੀਹਦੀ ਮੁਕ ਜਹਾਨ ਤੋਂ ਚੋਗ ਜਾਵੇ ਕੇਹੜਾ ਸੂਰਮਾਂ ਰੱਖਣੇ ਸੱਕਦਾਏ।
ਜਦੋ ਵੱਜਦੇ ਬਿਗਲ ਤਿਯਾਰੀਆਂਦੇ ਪਿਯਾਦਾ ਤਦੋਂ ਹਥਿਯਾਰਨੂੰ ਚੱਕਦਾਏ।
ਜਿਥੇ ਪਏ ਅਦਾਲਤੀ ਕੰਮ ਹੁੰਦੇ ਸੁਆਲ ਭੁਗਤ ਜਾਂਦਾ ਹੱਕੋ ਹੱਕਦਾਏ।
ਮਾਲੀ ਤੋੜ ਲੈਂਦਾ ਝੱਟ ਬਾਗ ਵਿਚੋਂ ਜਦੋਂ ਦਾਨਾ ਅਨਾਰਦਾ ਪੱਕਦਾਏ।
ਜਦੋਂ ਰੱਬਦੇ ਆਨ ਸਬੱਬ ਹੁੰਦੇ ਕਾਲ ਗ੍ਰਾਸ ਸੁਵਾਸ ਦਾ ਛੱਕਦਾਏ।
ਪੱਤਾ ਝੂਲਦਾ ਹੁਕਮ ਦੇ ਬਾਝ ਨਾਹੀਂ ਬੰਦਾ ਪਿਆ ਜੁਬਾਨ ਤੋਂ ਬੱਕਦਾਏ।
ਰਹੇ ਪੰਗਤੀ ਮਾਤ੍ਰਾਂ ਬਾਝ ਖਾਲੀ ਜਦੋਂ ਆਤਮਾ ਕਵੀ ਦਾ ਅੱਕਦਾ ਏ।
ਚੁਗਲੀ ਨਿੰਦਿਆ ਨੂੰਬੱਗਾ ਸ਼ੇਰਬਨਿਆਂ ਨਾਮਜਪਨਕੋਲੋਂਪਿਆਝੁੱਕਦਾਏ।
ਜਾਮ ਤੋੜ ਦਾ ਆਬਹਿਯਾਤ ਵਾਲੇ ਗੰਦਾ ਨੀਰ ਜੁਬਾਨ ਤੋਂ ਲੱਕਦਾ ਏ।
ਮਾਰੀ ਤਦੋਂ ਵਸ਼ਈ ਦੀ ਹੋਸ਼ ਜਾਵੇ ਜਦੋਂ ਰੰਨਾਂ ਪਰਾਈਆਂ ਤੱਕਦਾਏ।
ਹੋਣੀ ਵਰਤਦੀ ਨਾਲ ਬਹਾਨਿਆਂ ਦੇ ਐਸਾ ਕੌਣ ਜੋ ਓਸਨੂੰ ਡੱਕਦਾ ਏ।
ਲਾਟ ਸਾਹਿਬਦਾ ਪਾਟ ਜਹਾਜ਼ ਗਿਆ ਕੋਈ ਨਹੀਂ ਹੁਮਾਇਤੀ ਧੱਕਦਾ ਏ।
ਕਲਾਂ ਸਾਰੀਆਂ ਹੋ ਕਮਜ਼ੋਰ ਗਈਆਂ ਇੰਵਣ ਬੋਲਿਆ ਨਾ ਭੌਂਕਾ ਭੱਕਦਾਏ।
ਡੁਬ ਚਲੇ ਸਟਾਫ ਦੇ ਯਾਰ ਬੇਲੀ ਬੰਦਾ ਮਰਨ ਕੋਲੋਂ ਠੀਕ ਝੱਕਦਾ ਏ।
ਐਪਰ ਹੁਕਮ ਨੂੰ ਕੌਣ ਅਦੂਲ ਕਰਦਾ ਹੂਲ੍ਹੇ ਪਿਆ ਦਲੀਲ ਦੇ ਫੱਕਦਾਏ।
ਪੈਗਈ ਬਿਜ ਅਚਾਨਕੀ ਨੰਦਸਿੰਘਾ ਪਾਨੀ ਸੱਭ ਨਸ਼ਾਨੀਆਂ ਢੱਕਦਾ ਏ।

—o—

## ਚੌਦਾਂ ਅਕਤੂਬਰਨੂੰ ਤੁਰਕਾਂ ਨੇ ਅਦਨ ਤੇ ਛਾਪਾਮਾਰਨਾ

ਦੋਹਿਰਾ- ਕਰੀ ਚੜ੍ਹਾਈ ਤੁਰਕੀਆਂ ਹੋਕੇ ਦਿਲੋਂ ਦਲੇਰ।
ਛਾਪਾ ਮਾਰਨ ਆਪਏ ਕੀਤਾ ਗਜਬ ਅੰਧੇਰ।

ਕਬਿੱਤ

ਚੌਦਾਂ ਅਕਤੂਬਰ ਨੂੰ ਚੋਰੀਓਂ ਚੜ੍ਹਾਈ ਕਰ ਤਿਆਰੀਆਂ ਮਦਾਨ ਵਿਚ ਔਣ ਦੀਆਂ ਕੀਤੀਆਂ। ਤੁਰਕਾਂ ਦੀ ਫੌਜ ਕੁਝ ਨਫਰੀ ਸੀ ਜਰਮਨਾਦੀ ਰਲ ਮਿਲ ਸਾਰਿਆਂ ਨੇ ਕੀਤੀਆਂ ਪਰੀਤੀਆਂ। ਪੂਰਾ ਬ੍ਰਿਗੇਡ ਪਿਛੇ ਲਾਰ ਤੋਪਖਾਨਿਆਂ ਦੀ ਦਗੇਦਾਰ ਰਖਦੇ ਹਮੇਸ਼ ਬਦ-

ਨੀਤੀਆਂ । ਨਹੀਂ ਇਤਬਾਰ ਕੋਈ ਵੈਰੀਆਂ ਤੇ ਨੰਦ ਸਿੰਘਾ ਬੁਧਵਾਨ ਲੋਕੋ ਪੜ੍ਹ ਦੇਖੋ ਰਾਜਨੀਤੀਆਂ । ੧ ।

ਜੁੰਮੇ ਵਾਲੀ ਰਾਤ ਨੂੰ ਅਫਾਤ ਆਈ ਸਾਡੇ ਉਤੇ ਕਰਿਆ ਅਟੈਕ ਦੇਖੋ ਤੁਰਕਾਂ ਨੇ ਧਾਇਕੇ । ਮਾਰ ਲੈਣਾ ਛਾਪਾ ਗਲ ਸਾਰਿਆਂ ਪਸੰਦ ਕੀਤੀ ਆਏ ਫੌਜ ਆਪਣੀ ਦਾ ਦਸਤਾ ਉਠਾਇਕੇ । ਹੋਈ ਅੱਧੀ ਰਾਤ ਗੋਲਾ ਛੱਡਿਆ ਨਿਸ਼ਾਨੇ ਦਾਰ ਸੁਤਾ ਬਿਰਗੇਡ ਸਾਡਾ ਸੰਤਰੀ ਲਗਾ-ਇਕੇ । ਬਿਗਲ ਅਲਾਰਮਾਂ ਦੇ ਹੋਏ ਕਵੀ ਨੰਦ ਸਿੰਘਾ ਬੈਠ ਗਏ ਥਾਓਂ ਥਾਈਂ ਮੋਰਚੇ ਜਮਾਇਕੇ । ੨ ।

ਪਹੁੰਚ ਗਏ ਨਜ਼ੀਕ ਠੀਕ ਚੌਦਾਂ ਹੀ ਤ੍ਰੀਕ ਆਕੇ ਗੋਲਾ ਬੇ-ਸ਼ੁਮਾਰ ਸਾਡੀ ਲੈਣ ਉਤੇ ਘੁੰਮਿਆ । ਡਿਗਰੀ ਦੀ ਰੈਂਜ ਦੇ ਹਿਸਾਬ ਲਾਏ ਗੱਨਰਾਂ ਨੇ ਪੈਰੋ ਪੈਰ ਵੈਰੀ ਆਵੇ ਸਾਡੇ ਉਤੇ ਹੁੰਮਿਆ । ਦਿਤੇ ਨਾ ਜਵਾਬ ਅਸੀਂ ਮੋੜਕੇ ਦਨਾਈ ਵਿਚ ਬੀਤ ਚਲੀ ਰਾਤ ਸਾਰੀ ਤੁਰਕਾਂ ਦੀ ਜੁੰਮਿਆ । ਬੈਠੇ ਦੜ ਵੱਟਕੇ ਚੁਪਾਤੇ ਕਵੀ ਹੌਲਦਾਰਾ ਚੜ੍ਹਦੀ ਸੁਵੇਰ ਨੂੰ ਬਣਾਕੇ ਮੁਖ ਚੁੰਮਿਆ । ੩ ।

ਵਾਕ ਕਵੀਸ਼ਰ ਬੈਂਤ

ਦਿਤੇ ਹੁਕਮ ਜਰਨੈਲ ਬਹਾਦੁਰਾਂ ਨੇ ਸਾਡੀ ਲੈਣ ਹੋਗਈ ਬੇ ਗੰਮ ਲੋਕੋ ।
ਪਏ ਖਾਣ ਕਚੀਚੀਆਂ ਤੋਪਖਾਨੇ ਫੇਰ ਖੋਹਲ ਦਿਤੇ ਦਮਾ ਦੰਮ ਲੋਕੋ ।
ਰਾਤ ਗੂੰਜ ਉਠੀ ਬੀਆਬਾਨ ਅੰਦਰ ਹੋਗਏ ਹੋਰ ਦੇ ਹੋਰ ਹੀ ਕੰਮ ਲੋਕੋ ।
ਦਿਤਾ ਹੁਕਮਰਟਿਆਰਦਾ ਤੁਰਕੀਆਂ ਨੇ ਪੈਹਲੇ ਚੜ੍ਹਆਏ ਛਮਾਛੰਮ ਲੋਕੋ ।
ਦਿਸੇ ਕੁਝਨਾ ਰਾਤ ਅੰਧੇਰ ਕਾਲੀ ਰਹੇ ਜਿਮੀਂ ਅਸਮਾਨ ਦੋ ਕੰਮ ਲੋਕੋ ।
ਪਈਆਂ ਭਾਜੜਾਂ ਵੈਰੀਆਂ ਹੌਲਦਾਰਾ ਗੋਲਾਚਲਿਆ ਸੀ ਘਮਾਘੰਮ ਲੋਕੋ ।

ਤਥਾ

ਹੋਇਆਫੇਰ ਬੇਓੜਕਾ ਰਾਤਸਾਰੀ ਐਪਰ ਹੋਗਿਆ ਕੁਝ ਨੁਕਸਾਨ ਨਾਹੀਂ ।
ਗੈਰ ਹਾਜਰੀ ਸੂਰਜ ਮਹਾਤਮਾ ਦੀ ਏਸੇ ਵਾਸਤੇ ਮਿਲੇ ਨਸ਼ਾਨ ਨਾਹੀਂ ।
ਪੂਰੀ ਹੋਈਦਲੀਲ ਨਾ ਦੁਸ਼ਮਨਾਂ ਦੀ ਅਗੇ ਮੋਰਚੇ ਵਿਚ ਅਣਜਾਨ ਨਾਹੀਂ ।
ਮੁਸਲਮਾਨ ਹਿੰਦੂ ਗੋਰੇ ਖਾਲਸਾ ਜੀ ਵੰਗਾਂ ਪੈਹਨਕੇ ਖੜੀ ਰਕਾਨ ਨਾਹੀਂ ।
ਵੈਰੀ ਹਾਰ ਖਾਕੇ ਮੁੜੇ ਨੰਦ ਸਿੰਘਾ ਕੋਈਰੈਹਗਿਆ ਦਿਲੇ ਗੁਮਾਨ ਨਾਹੀਂ ।

## ਕਵੀਸ਼ਰ ਵਲੋਂ

ਦੁਨੀਆਂਵਿਚ ਮਸ਼ਹੂਰ ਹੈ ਗੱਲਸਾਰੇ ਹਰਕੋਈ ਆਖਦਾ ਹੈ ਮੇਰੀ ਜੀਤ ਹੋਵੇ।
ਸਦਾ ਮਾਨ ਵਡਾਈ ਦੀ ਚਾਹ ਰਹਿੰਦੀ ਭਾਵੇਂ ਛੋਡ ਘਰ ਬਾਰ ਅਤੀਤਹੋਵੇ।
ਐਪਰ ਹਥ ਗਲਾਂ ਸਚੇ ਵਾਹਿਗੁਰੂ ਦੇ ਮੁਰਦਾ ਹੁਕਮ ਦੇ ਨਾਲ ਸੁਜੀਤ ਹੋਵੇ।
ਮਿਲਜਾਏ ਫਕੀਰਨੂੰ ਬਾਦਸ਼ਾਹੀ ਜੇਕਰ ਵਾਹਿਗੁਰੂ ਦੀ ਸਿੱਧੀ ਨੀਤ ਹੋਵੇ।
ਦਿਲ ਕੰਬਦਾ ਨਾਲ ਬਹਾਨਿਆਂ ਦੇ ਵਿਚੋਂ ਆਪ ਦੀ ਜਦੋਂ ਬਦਨੀਤ ਹੋਵੇ।
ਰਾਜ ਸਾਜ ਨਾ ਰੈਹਣ ਜਹਾਨ ਉਤੇ ਬਾਦਸ਼ਾਹ ਦੀ ਜਦੋਂ ਅਨੀਤ ਹੋਵੇ।
ਐਬ ਕਰਦਿਆਂ ਭੜਕਦੀ ਅਗਯਾਰੋ ਨਾਮਜਪਦਿਆਂ ਕਾਲਜਾ ਸੀਤ ਹੋਵੇ।
ਹੁੰਦੇ ਭਰਮ ਅੰਧੇਰੜੇ ਦੂਰ ਸਾਰੇ ਜਦੋਂ ਆਰਫਾਂ ਨਾਲ ਪਰੀਤ ਹੋਵੇ।
ਓਥੇ ਯਾਰੀਆਂ ਲਾਉਨ ਦੇ ਫਾਇਦੇ ਕੀ ਜਿੱਥੇ ਘਾਤ ਕਮੌਣ ਦੀ ਰੀਤ ਹੋਵੇ।
ਨੌਕਰ ਰਖਣਾ ਹੀ ਭਲਾ ਓਸ ਤਾਈਂ ਜਿਥੇ ਨਾਲ ਯਕੀਨ ਪ੍ਰਤੀਤ ਹੋਵੇ।
ਬ੍ਰਹਮਗਯਾਨੀਆਂ ਸਦਾ ਅਨੰਦ ਯਾਰੋ ਠਾਕੁਰ ਦੁਆਰਤੇ ਚਾਹੇਮਸੀਤ ਹੋਵੇ।
ਧੋਖਾ ਮਰਨ ਦਾ ਫੇਰ ਕੀ ਹੌਲਦਾਰਾ ਜੇਕਰ ਦਿਲੋਂ ਪ੍ਰਮਾਤਮਾ ਮੀਤ ਹੋਵੇ।

## ਸਤ ਦਸੰਬਰ ਅਦਨ ਵਿਚ ਲੜਾਈ

ਸੱਤ ਤ੍ਰੀਕ ਦਸੰਬਰ ਸੰਨ ਪੱਕ ਸੋਲਾਂ ਚੜੇ ਅਦਨ ਬ੍ਰਿਗੇਡ ਲੜਾਈਆਂ ਨੂੰ।
ਕੂਚ ਕਰਗੀਆਂ ਪੈਦਲਾਂ ਹੁਕਮ ਅੰਦਰਰਸਾਲੇਦੇਖਿਆ ਜਾ ਸਫਾਈਆਂਨੂੰ।
ਪਿਛੇ ਗਰਦ ਉਠੀ ਤੋਪਖਾਨਿਆਂ ਦੀ ਚੜੇ ਹੌਸਲੇ ਤਦੋਂ ਸਿਪਾਹੀਆਂ ਨੂੰ।
ਸ਼ੀਸ਼ੇ ਵਾਲਿਆਂ ਭੇਜ ਰਿਪੋਟ ਦਿਤੀ ਤੁਰਕ ਮਲ ਬੈਠੇ ਅਗੇ ਖਾਈਆਂ ਨੂੰ।
ਪੌਣੇ ਸਤ ਮੁਕਾਬਲੇ ਸ਼ੁਰੂ ਹੋ ਗਏ ਕੌਣ ਜਾਣਦਾ ਰਬ ਰਜਾਈਆਂ ਨੂੰ।
ਬੰਦਾ ਲੱਖ ਦਲੀਲ ਦੇ ਕੰਮ ਕਰਦਾ ਹੁੰਦੀ ਸੋਈ ਜੋ ਭਾਉਂਦੀ ਸਾਂਈਆਂ ਨੂੰ।
ਸਾਡੀ ਲੈਣ ਅਟੈਕ ਦੀ ਵਧੀ ਅਗੇ ਲਗੇ ਸੂਰਮੇ ਦੇਣ ਦੁਹਾਈਆਂ ਨੂੰ।
ਐਪ੍ਰਅਗੇ ਭੀ ਮੋਰਚੇ ਤੁਰਕੀਆਂ ਦੇ ਜੇਹੜੇ ਰੱਖਦੇ ਯਾਦ ਖੁਦਾਈਆਂ ਨੂੰ।
ਚਲੀ ਤੋਪ ਦੋਪਾਸਿਓਂ ਹੌਲਦਾਰਾ ਨਹੀ ਮਿਲਣਗੇ ਦਿਓਰਭ੍ਰਜਾਈਆਂ ਨੂੰ।

## ਕਵੀਸ਼ਰ ਵਲੋਂ

ਗੋਰਾ ਫੌਜ ਨੇ ਜਦੋਂ ਅਡਵੰਸ ਕੀਤਾ ਦਗੇਬਾਜ਼ੀ ਨੂੰ ਤੁਰਕ ਰਚਾਉਣਲਗੇ।
ਦਗੇਬਾਜ਼ ਕੈਹਣਾ ਏਥੇ ਠੀਕਨਾਹੀ ਰਾਜਨੀਤ ਵਾਲਾ ਪਰਚਾਪਾਉਣ ਲਗੇ।
ਦੋਇ ਮੋਰਚੇ ਛੋੜ ਰਫਿਆਰ ਕੀਤਾ ਹਾਰ ਜਾਣ ਦੇ ਭੇਸ ਬਨਾਉਣ ਲਗੇ।

'ਕੇਂਬਲ' ਨਾਮ ਕਰਨੈਲ ਪੰਝਤ੍ਰ ਨੰਬ੍ਰ ਫੌਜ ਆਪਣੀ ਅਗੇ ਵਧੌਣ ਲਗੇ।
ਹੱਲਾਕਰਨਦੀ ਪੱਕ ਦਲੀਲ ਕਰਕੇ ਨਫਰੀ ਫੌਜਦੀ ਕੁਝ ਘਟਾਉਣ ਲਗੇ।
ਹੌਣੀ ਮਾਰਦੀਅਕਲ ਸਿਆਣਿਆਂਦੀ ਲੈਂਕਾਵਿਚਐਸੇਕਰਨੇਰਾਉਣ ਲਗੇ।
ਸੁੰਨੇ ਮੋਰਚੇ ਦੇਖਕਰਨੈਲ ਹੋਰੀਂ ਲੰਬੀ ਦੂਰਤੋਂ ਡਬਲ ਕਰਵਾਉਣ ਲਗੇ।
ਪੂਰੀ ਕੰਪਨੀ ਚੜੀਜਾ ਮੋਰਚੇ ਤੇ ਤੁਰਕਗੋਲੀ ਦਾ ਮੀਂਹ ਬਰਸਾਉਣ ਲਗੇ।
ਓਥੇ ਭੁੰਜੀਆਂਠੀਕ ਜੁਆਰ ਖਿੱਲਾਂ ਤੁਰਕੀ ਸੂਰਮੇ ਹਥ ਵਖਾਉਣ ਲਗੇ।
ਗੋਲੀ ਲੱਗੀ ਕਰਨੈਲ ਬਹਾਦੁਰਾਂ ਨੂੰ ਮਾਨੋ ਸੱਚ ਅਖੀਰ ਦਾ ਸਾਉਣ ਲਗੇ।
ਐਪਰ ਜਿੰਦਗਾਨੀਬਖਸ਼ੀ ਵਾਹਿਗੁਰੂਨੇ ਫੱਟੜਹੋਇਕੇਫੇਰਪਛਤਾਉਣਲਗੇ।
ਗਿਆ ਗੋਲੀ ਬਾਰੂਦ ਜਾਂ ਮੁਕ ਸਾਰਾ ਪਿਛੇ ਝਟ ਰਪੋਟ ਪੁਚਾਉਣ ਲਗੇ।
ਹੋਰਾਂ ਫੌਜ ਪਝੰਤ੍ਰ ਮਦਰਾਜ ਵਾਲੀ ਦੋਵੇਂ ਸਖਤਨੁਕਸਾਨ ਉਠਾਉਣਲਗੇ।
ਜੇਹੜੇ ਮਰਗਏਛੁਟਗਏਹੌਲਦਾਰਾ ਬਾਕੀ ਰੈਹਦਿਆਂ ਨੂੰ ਘੇਰਾਪਾਉਣਲਗੇ।

ਤਥਾ

ਇਕ ਸੌ ਨੌਂ ਇਨਫੈਂਟਰੀ ਗਈ ਮਦਦ ਥੋੜਾ ਦੁਸ਼ਮਨਾਂ ਪਿਛੇਹਟਾਯਾ ਸੀ।
ਚੁਕਲਿਆ ਸੀ ਮੁਰਦਿਆਂ ਜਖਮੀਆਂ ਨੂੰ ਤੁਰਕੀਚਾਰਚੁਫੇਰਿਓਂ ਧਾਯਾਸੀ।
ਘੇਰਾ ਪੌਣ ਦੀ ਤੁਰਕਾਂ ਦਲੀਲ ਕੀਤੀ ਕਠ ਹੋਗਿਆ ਦੂਣ ਸਵਾਯਾ ਸੀ।
ਸ਼ੀਸ਼ਾਲਗਿਆ ਜਾਗਾਇਡ ਬਾਤ੍ਰੀਨੂੰ ਫੈਰਿੰਗਲਾਇਨਦੇਸਾਥ ਮਲਾਯਾ ਸੀ।
ਜਦੋ ਫੈਰ ਖੁਲ੍ਹਾ ਗੋਲੇ ਪਾਟਵੇਂ ਦਾ ਤਦੋਂ ਦੁਸ਼ਮਨਾਂ ਮੁਖ ਭਵਾਯਾ ਸੀ।
ਕਿਸਮਤ ਨਾਲ ਓਥੋਂ ਮੁੜੇ ਹੌਲਦਾਰਾ ਲੋਕਾਂ ਆਪਣਾ ਆਪ ਬਚਾਯਾ ਸੀ।

ਤਥਾ

ਦੇਖਭਾਲ ਕੀਤੀ ਜਦੋਂ ਜਖਮੀਆਂ ਦੀ ਰੱਤੋਰੱਤਹੋਇਆ ਅਰਬਸਤਾਨਓਥੇ।
ਮਲ੍ਹਮ ਪਟੀਆਂ ਕੀਤੀਆਂ ਡਾਕਦਾਰਾਂ ਮੁਰਦੇ ਹੋਗਏ ਬਹੁਤ ਜੁਆਨ ਓਥੇ।
ਚੀਰ ਫਾੜ ਕੀਤੀ ਬਸ ਲਗਦੀ ਨੂੰ ਕੀਤੇ ਫਟ ਛੇਤੀ ਸਵਾਧਾਨ ਓਥੇ।
ਐਪਰ ਜਿਨ੍ਹਾਂ ਦੀ ਚੋਗ ਨਖੁਟ ਗਈ ਛਡ ਗਏ ਓਹ ਸਦਾ ਜਹਾਨਓਥੇ।
ਦਿਯਾ ਧਰਮ ਤੇ ਸ਼ਾਂਤ ਨਾ ਮੂਲ ਰਹਿੰਦੀ ਜਦੋਂ ਗੱਜੀਏ ਵਿਚ ਮਦਾਨਓਥੇ।
ਮਾਰੋਮਾਰਹੁੰਦੀਪਈ ਹੁਕਮ ਅੰਦਰ ਵੈਰੀ ਦਿਸਦਾ ਜਿਮੀਂ ਅਸਮਾਨ ਓਥੇ।
ਹੁਕਮ ਰਬਦਾ ਵੱਸਕੀ ਬੰਦਿਆਂ ਦੇ ਕਈ ਖੂਹਣੀਆਂਖਪਦੀਆਂ ਜਾਨਓਥੇ।
ਵਾਧ ਘਾਟ ਹੁੰਦੀ ਨਾਲ ਕੁਦਰਤਾਂਦੇ ਯੂਰਪ ਏਸ਼ੀਆ ਵਿਚ ਨੁਕਸਾਨਓਥੇ।

ਏਸੇ ਤਰਾਂ ਹੀ ਹੋਣੀ ਸੀ ਵਿਚ ਦੁਨੀਆਂ ਗਲ ਸਮਝ ਲੈਂਦੇ ਬੁਧੀਵਾਨ ਓਥੇ।
ਦੁਨੀਆਂ ਘਟਦੀ ਘਟਦੀ ਘੱਟ ਗਈ ਹਿੱਸਾ ਵੱਡਿਆ ਸੀ ਹਿੰਦੁਸਤਾਨ ਓਥੇ।
ਪਰਲੋ ਆਈ ਜਹਾਨ ਤੇ ਹੋਲਦਾਰਾ ਹੋਗਏ ਸੂਰਮੇਂ ਬਹੁਤ ਕੁਰਬਾਨ ਓਥੇ।

## ਕਰਤਾਰ ਦੇ ਰੰਗ ਅਤੇ ਵਾਕ ਕਵੀਸ਼ਰ

ਦੇਖੋ ਏਸ ਲੜਾਈ ਦੇ ਰੰਗ ਯਾਰੋ ਮੌਕੇ ਹੋਰ ਦੇ ਹੋਰ ਬਣਾ ਦਿਤੇ।
ਜਿਥੇ ਖੂਨ ਹੋਇਆ ਇਕ ਆਦਮੀ ਦਾ ਓਥੇ ਲਹੂ ਦੇ ਨਲੇ ਵਗਾ ਦਿਤੇ।
ਏਥੇ ਵੱਸ ਨਾ ਚੱਲਦਾ ਬੰਦਿਆਂ ਦਾ ਵਾਹਿਗੁਰੂ ਨੇ ਭਾਣੇ ਵਰਤਾ ਦਿਤੇ।
ਭਰੇ ਕਰੇ ਖਾਲੀ ਖਾਲੀ ਪੂਰ ਕੀਤੇ ਦਲ ਫੌਜ ਦੇ ਕਈ ਮੁਕਾ ਦਿਤੇ।
ਬਿਲਜਿਮ ਸਰਵੀਆ ਸਾਥ ਰੁਮਾਨੀਆਂ ਦੇ ਏਸ ਜੰਗ ਨੇ ਗੱਦੀਓਂ ਲਾਹ ਦਿਤੇ।
ਦੇਖੋ ਰੂਸ ਬਾਦਸ਼ਾਹ ਕਦੀਮ ਦਾ ਸੀ ਸਣੇ ਰਾਣੀਆਂ ਘਰੋਂ ਕਢਾ ਦਿਤੇ।
ਭਾਵੇਂ ਮਿਲਣਗੇ ਹੱਕ ਅਖੀਰ ਸਾਰੇ ਐਪਰ ਇਕ ਵਾਰੀ ਵਖਤ ਪਾ ਦਿਤੇ।
ਨੰਗੇ ਭੁਖਿਆਂ ਨੂੰ ਮਿਲੀ ਨਾਮ ਨੇਕੀ ਦਰਜੇ ਪੀਹੜੀਆਂ ਤਾਈਂ ਵਧਾ ਦਿਤੇ।
ਹੋਈ ਖਤਮ ਉਲਾਦ ਘਰਾਣਿਆਂ ਦੀ ਘਰੀਂ ਅਫਸਰਾਂ ਦੇ ਜੰਦੇ ਲਾ ਦਿਤੇ।
ਕੌਣ ਜਾਣਦਾ ਤੇਰੀਆਂ ਕੁਦਰਤਾਂ ਨੂੰ ਯੂਰਪ ਏਸ਼ੀਆ ਦੋਵੇਂ ਘਟਾ ਦਿਤੇ।
ਰਾਜਧਾਨੀਆਂ ਗਈਆਂ ਬਗਾਨੀਆਂ ਹੋ ਐਸੇ ਰਬ ਨੇ ਰੰਗ ਬਣਾ ਦਿਤੇ।
ਜਿਥੇ ਬਾਦਸ਼ਾਹੀ ਚੌਰ ਝੁਲਦੇ ਸੀ ਗੋਲੇ ਤੋਪ ਦੇ ਓਥੇ ਵਰਸਾ ਦਿਤੇ।
ਗੋਲੇ ਚਲਕੇ ਭੀ ਹੋਗਈ ਬਸ ਨਾਹੀਂ ਇੰਟਵਰਪ ਜੇਹੇ ਕਰ ਸੱਫਾ ਦਿਤੇ।
ਜਿਥੇ ਸੂਈ ਨਾ ਸਿੰਜਰੇ ਖਾਲਸਾ ਜੀ ਓਥੇ ਜੰਗ ਨੇ ਬੰਬ ਚਲਾ ਦਿਤੇ।
ਟੁਟੀ ਦੋਸਤੀ ਰਾਜਿਆਂ ਰਾਣਿਆਂ ਦੀ ਇਕ ਦੂਜੇ ਦੇ ਸਾਥ ਲੜਾ ਦਿਤੇ।
ਹੁਕਮ ਰਬ ਦੇ ਨਾਲ ਕਰੋਧ ਵਧਿਆ ਭਾਵੀ ਹੋਰਾਂ ਨੇ ਪਿਟਣੇ ਪਾ ਦਿਤੇ।
ਜਾਂਦੀ ਪੇਸ਼ ਨਾ ਜੋਸ਼ੀਆਂ ਪੰਡਤਾਂ ਦੀ ਲੋਕ ਅੰਤ ਬੇਅੰਤ ਖਪਾ ਦਿਤੇ।
ਓਥੇ ਅਕਲ ਦਨਾਈ ਨਾ ਕੰਮ ਦਿੰਦੀ ਜਿਥੇ ਕੁਦਰਤਾਂ ਡੇਰੇ ਲਗਾ ਦਿਤੇ।
ਓਥੇ ਲੋੜ ਕੀ ਹੋਰ ਸੁਗੰਧੀਆਂ ਦੀ ਜਿਥੇ ਅਤਰ ਫੁਲੇਲ ਖੰਡਾ ਦਿਤੇ।
ਓਥੇ ਵੈਦ ਹਕੀਮ ਕੀ ਕਰਨ ਜਾਕੇ ਜਿਥੇ ਮੌਤ ਨੇ ਸੱਥਰ ਵਿਛਾ ਦਿਤੇ।
ਪਏ ਵਰਤਦੇ ਓਸ ਦੇ ਹੁਕਮ ਸਾਰੇ ਬਹਾਨੇ ਜੰਗ ਦੇ ਐਵੇਂ ਬਣਾ ਦਿਤੇ।
ਏਸੇ ਤਰਾਂ ਹੀ ਹੋਣੀ ਸੀ ਹੋਲਦਾਰਾ ਰੋਂਦੇ ਹੱਸਦੇ ਹੱਸੇ ਰੁਵਾ ਦਿਤੇ।

—੦—

## ਆਮ ਲੋਕਾਂ ਦੀਆਂ ਗਲਾਂ

ਗਲਾਂ ਲੋਕ ਮਨਭਾਉਂਦੀਆਂ ਕਰਨ ਸਾਰੇ ਕਦੋਂ ਬੋੜਾਏਹਜੰਗਮਦਾਨ ਹੋਵੇ।
ਕਦੇ ਆਖਦੇ ਬੱਸ ਅਖੀਰ ਹੋਇਆ ਕਦੇ ਆਖਦੇ ਅਜੇ ਨੁਕਸਾਨ ਹੋਵੇ।
ਕਦੇ ਚਿਤ ਪਰਚਾਉਂਦੇ ਵਿਚ ਖੁਸ਼ੀਆਂ ਕਦੇ ਆਖਦੇ ਕੰਮ ਵੈਰਾਨ ਹੋਵੇ।
ਕਦੇ ਆਖਦੇ ਜਰਮਨੀ ਹਾਰ ਜਾਊ ਜੇਕਰ ਵਿਚ ਨਾ ਅਰਬਸਤਾਨ ਹੋਵੇ।
ਕੋਈ ਆਖਦਾ ਜਿਤ ਫਰਾਂਸ ਜਾਊ ਜੇ ਤਾਂ ਮਗਰ ਓਹਦੇ ਹਿੰਦੁਸਤਾਨਹੋਵੇ।
ਕੋਈ ਆਖਦੇ ਰਹੂ ਇੰਗਲੈਂਡ ਮੀਰੀ ਨਾਮ ਏਸ ਦਾ ਵਿਚ ਜਹਾਨ ਹੋਵੇ।
ਕੋਈ ਆਖਦੇ ਸੁਲਹ ਤੇ ਫੈਸਲਾ ਹੈ ਅੱਗੇ ਵਾਸਤੇ ਨਹੀਂ ਵਧਾਨ ਹੋਵੇ।
ਆਪੋ ਆਪਣੀ ਬੋਲਦੇ ਹੌਲਦਾਰਾ ਜੈਸਾ ਅਕਲ ਦੇ ਵਿਚ ਗਯਾਨ ਹੋਵੇ।

### ਤਥਾ

ਕੋਈ ਆਖਦਾ ਜੰਗ ਚਿਰੋਕਣਾ ਹੈ ਕੋਈ ਆਖਦੇ ਕਦੇ ਨਾ ਹੱਟਣਾ ਜੇ।
ਕੋਈ ਆਖਦੇ ਸਾਲ ਬਤੀਤ ਹੋਵਣ ਕੋਈ ਆਖਦੇ ਦੁਨੀਆਂਨੇ ਘੱਟਣਾ ਜੇ।
ਕੋਈ ਆਖਦੇ ਗੁਡਫਰਾਈ ਦਿਨ ਤੇ ਫਸਤਾ ਏਸ ਲੜਾਈ ਦਾ ਕੱਟਣਾ ਜੇ।
ਕਿਸ ਮਿੱਸ ਦੀ ਕੋਈ ਉਡੀਕ ਰਖਣ ਵਿਚ ਮੋਰਚੇ ਬੈਠੀਆਂ ਪਲਟਣਾ ਜੇ।
ਕਦੇ ਆਖਦੇਤਾਰਦੀਖਬਰਆਗਈ ਹੋਇਆ ਸੁਲਹ ਸਫਾਈਦਾ ਰੱਟਣਾ ਜੇ।
ਟੇਵੇ ਲਾਉਂਦੇ ਵਧਕੇ ਪੰਡਿਆਂ ਤੋਂ ਪਰਲੋ ਨਾਲ ਜਹਾਨ ਨੂੰ ਪੱਟਣਾ ਜੇ।
ਕੋਈ ਆਖਦਾ ਛੁਟ ਗਈ ਮੰਗ ਮੇਰੀ ਲਾਉਣਾ ਜਾ ਸਰੀਰ ਨੂੰ ਵੱਟਣਾ ਜੇ।
ਕੋਈ ਆਖਦੇ ਸੂਮ ਨਾ ਕਰੇ ਸ਼ਾਦੀ ਗੋਲੀ ਲੱਗੀ ਜੇ ਪੈਸਾ ਕਿਉਂ ਸੱਟਣਾਜੇ।
ਬਹੂ ਮਰ ਗਈ ਫੇਰ ਭੀ ਜਾਊ ਐਵੇਂ ਕੀ ਏਸ ਬੁਪਾਰ 'ਚੋਂ ਖੱਟਣਾ ਜੇ।
ਆਪੋ ਆਪਣੀ ਪਏ ਦਲੀਲ ਦਿੰਦੇ ਜੈਸੇ ਉਸਤਤੀ ਵਾਸਤੇ ਭੱਟਣਾ ਜੇ।
ਕਰਕੇ ਬੰਦਗੀ ਰੱਬ ਦੀ ਨੰਦ ਸਿੰਘਾ ਖੂਹ ਆਪਣੇ ਆਪਦਾ ਅੱਟਣਾ ਜੇ।

## ਬਗਦਾਦ ਦੇ ਹਾਲ

### ਕਬਿੱਤ

ਕੂਤ ਅਲਮਾਰਾ ਫਤੇ ਹੋਗਿਆ ਤਮਾਮ ਸਾਰਾ ਦਜਲੇ ਦਰਿਆਓ ਉਤੇ ਕੱਠ ਬੇਸ਼ੁਮਾਰਦੇ। ਜਮਾਂ ਹੋਈ ਫੌਜ ਓਥੇ ਇੰਡੀਆ ਬਹਾਦਰਾਂ ਦੀ ਨਿਮਕ ਹਲਾਲ ਜਿਨ੍ਹਾਂ ਕੀਤੇ ਸਰਕਾਰ ਦੇ। ਤੁਰਕਾਂ ਨੂੰ ਕੱਢ ਕੇ ਤੇ

ਕਬਜ਼ਾ ਜਮਾਇਆ ਓਥੇ ਪਾਕੇ ਤਕਲੀਫ ਦਿਨ ਦੇਖ ਲੈ ਬਹਾਰ ਦੇ। ਫੈਰ ਅਮਾਰਾ ਇਕ ਭਾਰਾ ਅਗੇ ਹੌਲਦਾਰਾ ਜਾਣ ਦੀ ਦਲੀਲ ਜਰਨੈਲ ਓਥੇ ਧਾਰਦੇ। ੧।

ਤੋਪਖਾਨੇ ਪੈਦਲਾਂ ਨੂੰ ਹੁਕਮ ਸੁਣਾਏ ਗਏ ਇਕ ਸੌ ਮੀਲ ਬਗ-ਦਾਦ ਦੀ ਅਟਾਰੀ ਹੈ। ਰਸਤਾ ਸੁਫਾਈ ਦਾਰ ਖੁਲ੍ਹਾ ਹੈ ਮਦਾਨ ਸਾਰਾ ਕਰਨਾ ਅਟੈਕ ਏਹੀ ਮਨਸ਼ਾ ਹਮਾਰੀ ਹੈ। ਅੱਧੀ ਬਾਦਸ਼ਾਹੀ ਬਗ-ਦਾਦ ਜਾਣੋਂ ਤੁਰਕਾਂ ਦੀ ਆਖਦਾ ਸੀ ਮਾਂਡ ਲਾਟ ਕਰ ਲਓ ਤਿਆਰੀ ਹੈ। ਕੀਤਾ ਅਡਵੰਸ ਪੈਹਲੇ ਸਭੋ ਜੋ ਰਸਾਲਿਆਂ ਨੂੰ ਬਦਲੀ ਦੇ ਵਾਸਤੇ ਸੁਣਾਏ ਵਾਰੋ ਵਾਰੀ ਹੈ। ੨।

## ਵਾਕ ਕਵੀਸ਼ਰ ਕਬਿੱਤ

ਹਾਰਦੇ ਨਸੀਬ ਜਦੋਂ ਚਲਦੀ ਨਾ ਪੇਸ਼ ਕੋਈ ਹਾਰਦੇ ਨਸੀਬ ਸੋਨਾ ਮਿਟੀ ਬਣ ਜਾਉਂਦੀ। ਹਾਰਦੇ ਨਸੀਬ ਘਰ ਪਾਟ ਜਾਂਦੇ ਰਾਜਿਆਂ ਦੇ ਸੁਤੀ ਰਹੇ ਫੌਜ ਪਈ ਅੰਗ ਨਾ ਹਲਾਉਂਦੀ। ਸੋਈ ਗਲ ਹੋਈ ਨਾਲ ਤੁਰਕਾਂ ਵਿਚਾਰਿਆਂ ਦੇ ਹੋਣੀ ਉਤੇ ਸੂਬਿਆਂ ਦੇ ਬੀਤਕੇ ਵਖਾਉਂਦੀ। ਪੈਗਿਆ ਬਹੀਰ ਫੌਜਾਂ ਸਾਰੀਆਂ ਦਾ ਨੰਦ ਸਿੰਘਾ ਚਲੋ ਚਲ ਹੁੰਦੀ ਬਗਦਾਦ ਦਿਸਿਆਉਂਦੀ। ੩।

ਜ਼ੋਰਦਾ ਮਚਾਇਆ ਹੱਲਾ ਕਠੇ ਹੋਕੇ ਸਾਰਿਆਂ ਨੇ ਇਕ ਵਾਰੀ ਤੁਰਕਾਂ ਨੇ ਕਦਮ ਜੁਮਾਇਆ। ਬੰਬ ਤੇ ਮਸ਼ੀਨ ਗੰਨ ਜੋਰਦੀ ਚਲਾਈ ਓਨ੍ਹਾਂ ਰਸਤਾ ਅਟੈਕ ਵਾਲਾ ਕੈਰਾਂ ਅਟਕਾਇਆ। ਹੋਗਿਆ ਹਜ਼ਾਰਾਂ ਨੁਕ-ਸਾਨ ਓਥੇ ਇੰਡੀਆ ਦਾ ਕੁਦਰਤ ਰੱਬਦੀ ਮਦਾਨ ਖੁਲਾ ਆਇਆ। ਪਿਛਲੀਆਂ ਲੈਣਾ ਅਗੇ ਵਧੀਆਂ ਸੀ ਹੌਲਦਾਰਾ ਦੂਸਰਾ ਹੁਕਮ ਜਰਨੈਲ ਨੇ ਸੁਣਾਇਆ। ੪।

ਕੀਤੇ ਅਡਵੰਸ ਫੇਰ ਪੈਦਲਾਂ ਰਸਾਲਿਆਂ ਨੇ ਤੁਰਕਾਂ ਦੇ ਮੋਰਚੇ ਨੂੰ ਕਰਕੇ ਚੜ੍ਹਾਈਆਂ। ਗਰਦ ਗੁਬਾਰ ਹੋਈ ਖੋਲ ਲਿਆ ਮੋਰਚੇ ਨੂੰ ਵੈਰੀਆਂ ਦੇ ਘਰ ਵਿਚ ਪੈਗਈਆਂ ਦੁਹਾਈਆਂ। ਚਾਰਜ ਰਸਾਲਿਆਂ ਦਾ ਹੋਗਿਆ ਸ਼ਤਾਬੀ ਨਾਲ ਤੋਪਾਂ ਦੀਆਂ ਏਕ ਦਮ ਬਾਲੀਆਂ ਚਲਾ-ਈਆਂ। ਮਾਰਚ ਗਿਆਰਾਂ ਸਨ ਉਨੀ ਸੌ ਸਤਾਰਾਂ ਜਾਣੋ ਫੌਜਾਂ ਬਗ-

ਦਾਦ ਵਿਚ ਸਜਣੋ ਸੁਹਾਈਆਂ ॥ ੫ ॥

ਮਾਂਡ ਜਰਨੈਲ ਬ੍ਰਗੇਡ ਦੀ ਕਮਾਨ ਵਾਲਾ ਖੁਸ਼ੀਆਂ ਮਨਾਕੇ ਬਗਦਾਦ ਵਿੱਚ ਗੱਜਿਆ। ਬੱਫ ਗੋਰਾ ਫੌਜ ਪੈਹਲੇ ਵੜੀ ਬਗਦਾਦ ਵਿਚ ਬਾਡੀ ਕਰਨੈਲ ਦਾ ਨਗਾਰਾ ਉਥੇ ਵੱਜਿਆ। ਚਾਹੜ ਦਿੱਤਾ ਝੰਡਾ ਬਾਦਸ਼ਾਹ ਦੀ ਸਲਾਮਤੀ ਦਾ ਤੇਰਾਂ ਤੇ ਅਠਾਰਾਂ ਕੋਰ ਤੁਰਕਾਂ ਦਾ ਭੱਜਿਆ। ਕੁਦਰਤ ਰੱਬ ਦੀ ਨੂੰ ਦੇਖ ਲੈ ਤੂੰ ਹੌਲਦਾਰਾ ਮਾਂਡ ਜਰਨੈਲ ਬਗਦਾਦ ਵਿੱਚ ਸੱਜਿਆ ॥ ੬ ॥

## ਵਾਕ ਕਵੀਸ਼ਰ ਸ਼ਰੀਫ ਛੰਦ

ਫੌਜਾਂ ਬਗਦਾਦ ਵਿੱਚ ਜਾਕੇ ਲੱਥੀਆਂ। ਸਾਰੀਆਂ ਨਾਂ ਗੱਲਾਂ ਮੈਥੋਂ ਜਾਣ ਕੱਥੀਆਂ। ਛੱਡ ਚਲੇ ਸੂਬੇ ਲੱਗੀਆਂ ਕਚੈਰੀਆਂ। ਪਾਵੇ ਨਾ ਕਿਸੇ ਨੂੰ ਰੱਬ ਬਸ ਵੈਰੀਆਂ। ਹੋ ਗਏ ਬਗਦਾਦ ਵਾਲੇ ਮੰਦੇ ਹਾਲ ਜੀ। ਰੱਯਤ ਵਿਚਾਰੀ ਦੇ ਲੁਟਾਏ ਮਾਲ ਜੀ। ਤੁਰਕੀ ਦਾ ਝੰਡਾ ਬਗਦਾਦੋਂ ਪਾਟ ਗਿਆ। ਕਰਕੇ ਚੜ੍ਹਾਈ ਜਦੋਂ ਮਾਂਡ ਲਾਟ ਗਿਆ। ਤੁਰਕਾਂ ਨੇ ਫੌਜਾਂ ਰਟਿਆਰ ਕੀਤੀਆਂ। ਖਾਲਸੇ ਤੇ ਹਿੰਦੂਆਂ ਸ਼ਰਾਬਾਂ ਪੀਤੀਆਂ। ਪਿਕਟਾਂ ਲਗਾਕੇ ਸਾਰੀ ਕੱਟੀ ਰਾਤ ਜੀ। ਉਠਕੇ ਸੁਵੇਰ ਹੋਈ ਮੁਲਾ-ਕਾਤ ਜੀ। ਦੇਖ ਭਾਲ ਕੀਤੀ ਜਾਂ ਸਾਰੇ ਬਜ਼ਾਰ ਦੀ। ਦੇਖ ਲਈ ਨਸ਼ਾਨੀ ਸਾਰੀ ਜੀਤ ਹਾਰਦੀ। ਬੇੜਿਆਂ ਨੂੰ ਲਾਟ ਨੇ ਕਨੂੰਨ ਦੱਸਿਆ। ਪਾਊ ਤਕਲੀਫ ਜੇ ਗਰੀਬ ਖੱਸਿਆ। ਲੁਟ ਮਾਰ ਧਾੜ ਦਾ ਕਰਾ-ਇਆ ਬੰਦ ਜੀ। ਪਰਉਪਕਾਰੀ ਲਾਟ ਬਖਸ਼ੰਦ ਜੀ। ਭੱਜੀ ਨੱਠੀ ਰੱਯਤ ਵਸਾਈ ਮੋੜਕੇ। ਦੁਖ ਨਾਂ ਉਠਾਓ ਕੋਈ ਦਿਲ ਤੋੜਕੇ। ਜਿੱਥੇ ਪੈਰ ਸਾਡੀ ਸਰਕਾਰ ਪਾ ਲਿਆ। ਬੱਕਰੀ ਤੇ ਸ਼ੇਰ ਇਕ ਭਾਂਡੇ ਖਾ ਲਿਆ। ਕਬਜ਼ੇ ਦੇ ਵਿਚ ਹੋਗਈ ਬਗਦਾਦ ਰੇ। ਮਿਟ ਗਏ ਤਮਾਮ ਤੁਰਕੀ ਫਸਾਦ ਰੇ। ਹੋਗਈ ਬਗਦਾਦ ਹੌਲਦਾਰਾ ਰੋਸ਼ਨੀ। ਭਾਵੀ ਤਕਦੀਰ ਬੰਦਿਆਂ ਦੇ ਦੋਸ਼ ਨੀ ॥

## ਕੁਦਰਤ ਦੇ ਰੰਗ ਬੈਂਤ

ਮੇਰੇ ਮਾਲਕਾ ਬੜਾ ਬੇਅੰਤ ਹੈਂ ਤੂੰ ਏਥੇ ਭਾਵੀਆਂ ਕੀ ਵਰਤਾਈਆਂ ਤੈਂ।
ਕਿਤੇ ਵਸਦੇ ਸ਼ੈਹਰ ਉਜਾੜ ਕੀਤੇ ਕਿਤੇ ਜੰਗਲੀ ਛੈਹਬਰਾਂ ਲਾਈਆਂ ਤੈਂ।

ਕਿਤੇ ਭੀਖ ਮੰਗਾਉਂਦਾ ਰਾਜਿਆਂ ਤੋਂ ਮਾੜੇ ਮੰਗਤੇ ਮੌਜਾਂ ਬਣਾਈਆਂ ਤੈਂ ।
ਉਤੇ ਚੜ੍ਹੇ ਅਕਾਸ਼ ਦੇ ਗੇੜ ਦਿਤੇ ਹਵਾ ਐਸੀਆਂ ਤੇਜ ਵਗਾਈਆਂ ਤੈਂ ।
ਕਦੇਹੱਥ ਬਗਦਾਦ ਏਹ ਸੂਬਿਆਂ ਦੇ ਦੀਏ ਬੱਤੀਆਂ ਅਜ ਬੁਝਾਈਆਂ ਤੈਂ ।
ਅੱਧੀ ਰਾਜਧਾਨੀ ਕਦੇ ਤੁਰਕਦੀ ਸੀ ਖੋਹਲੀਤੀਆਂਜੇ ਧਾਦੇਲਾਹੀਆਂ ਤੈਂ ।
ਕਬਜ਼ਾ ਅਜ ਤਾਂਈ ਰਿਹਾ ਰੂਮ ਅੰਦਰ ਅਜਕੁਦਰਤਾਂਹੋਰ ਦਖਾਈਆਂ ਤੈਂ ।
ਬੈਠਣ ਬੇਗਮਾਂ ਵਿਚ ਅਟਾਰੀਆਂਦੇ ਬੁਰਕੇਦਾਰ ਛਲੋਟੀਆਂ ਲਾਹੀਆਂ ਤੈਂ ।
ਰੱਖਣ ਪੈਰ ਨਾਂ ਕਦੇ ਜ਼ਮੀਨ ਉਤੇ ਅਜ ਜ਼ੋਰਦੇ ਨਾਲ ਦੌੜਾਈਆਂ ਤੈਂ ।
ਸੁੰਦਰ ਸੋਹਣੀਆਂ ਲੌਣ ਸੰਧੂਰ ਪੱਟੀ ਸਭੇ ਖਾਕਦੇ ਵਿਚ ਰੁਲਾਈਆਂ ਤੈਂ ।
ਵਾਲ ਵਾਲ ਪਰੋਂਦੀਆਂ ਮੋਤੀਆਂਨੂੰ ਸੁੰਦਰ ਅਖੀਆਂ ਪਾਣੀਭਰਾਈਆਂਤੈਂ ।
ਕਦੇਬਗਦਾਦਸ਼ਰੀਫਸਦਾਉਦਾਸੀ ਅਜ ਕੀਤਾ ਕੀ ਮੇਰਿਆ ਸਾਈਆਂ ਤੈਂ ।
ਹੈਸੀ ਚਿਟੀਆਂ ਮੋਹਲ ਅਟਾਰੀਆਂ ਜੋ ਤੋਪਾਂ ਬੀੜਕੇ ਖੂਬ ਉਡਾਈਆਂ ਤੈਂ ।
ਬੱਸਨਹੀਂ ਬਗਦਾਦਦੀ ਫਤੇਉਤੇ ਮਿਸਰਸ਼ੈਹਰਵਿਚ ਤੇਗਾਂਚਲਾਈਆਂ ਤੈਂ ।
ਗਾਂਜੇਵਰਗਿਆਂਨੂੰ ਬਰਾਬਾਦਕੀਤਾ ਅਠਾਰਾਂਐਂਚੀਆਂਬੀੜਦਗਾਈਆਂ ਤੈਂ ।
ਆਹਾ ਬੈਤਲਮੁਕੱਦਸਕਦੀਮਦਾਸੀ ਓਥੋਂ ਮੈਹਫਲਾਂ ਅਜ ਹਲਾਈਆਂ ਤੈਂ ।
ਖਤਰਨਾਕ ਹੋਏ ਮੂਸਲ ਸ਼ੈਹਰ ਜੇਹੇ ਹੁਕਮ ਨਾਲ ਹਕੂਮਤਾਂ ਘਾਈਆਂ ਤੈਂ ।
ਜਾਨ ਬੇਗਮਾਂ ਭੱਜੀਆਂ ਪੈਰ ਨੰਗੇ ਭੀੜਾਂ ਹੂਰਾਂਦੀ ਜਾਨ ਤੇ ਪਾਈਆਂ ਤੈਂ ।
ਤੇਰੀਕੁਦਰਤੋਂਅਸੀਂਕੁਰਬਾਨਜਾਈਏ ਬਾਦਸ਼ਾਹੀਆਂ ਪੁਟ ਗਵਾਈਆਂ ਤੈਂ ।
ਜੇਕਰ ਚਾਹੇਂ ਤਾਂ ਕੀੜੀਨੂੰ ਰਾਜ ਦੇਵੇਂ ਰਾਜੇਰਾਣਿਆਂਸਫਾਉਠਾਈਆਂ ਤੈਂ ।
ਤੂੰਹੀ ਜਾਣਦਾ ਤੇਰਿਆਂ ਕੌਤਕਾਂ ਨੂੰ ਖੇਡਾਂ ਖੇਡਣੇ ਲਈ ਬਣਾਈਆਂ ਤੈਂ ।
ਪਾਰਾਵਾਰਨਾ ਆਉਂਦਾ ਹੋਲਦਾਰਾ ਹੈਨ ਛੇੜੀਆਂ ਸਖਤ ਲੜਾਈਆਂ ਤੈਂ ।

## ਜਰਮਨ ਨੇ ਰੂਸ ਨੂੰ ਆਪਣੇ ਤਰਫ ਕਰ ਲੈਣਾ

### ਕਬਿੱਤ

ਜਰਮਨੀ ਨੇ ਚੋਰੀ ਅਰਦਾਸ ਘੱਲੀ ਰੂਸ ਤਾਂਈ ਕਰ ਲੈ ਸਫਾਈ ਤੇਰੇ ਵਾਸਤੇ ਜ਼ਰੂਰੀ ਹੈ। ਹੋਗਿਆ ਹਜਾਰਾਂ ਨੁਕਸਾਨ ਤੇਰਾ ਜੰਗ ਵਿਚ ਚੁਪ ਕਰ ਬੈਠ ਤੇਰੀ ਰਾਜਧਾਨੀ ਪੂਰੀਹੈ। ਪਾੜਿਆ ਡਰਾਵਾ ਦੇਕੇ ਬੁੱਧ ਕਮਜੋਰ ਵਾਲਾ ਰਾਜਨੀਤੀ ਵਿਚ ਏਹ ਕਹਾਣੀ ਮਸ਼ਹੂਰੀ ਹੈ। ਸ਼ਾਮ,

ਦਾਮ, ਦੰਡ, ਭੇਦ ਚਾਰ ਕੈਦੇ ਹੋਲਦਾਰਾ ਪਾਟ ਗਿਆ ਰੂਸ ਬਾਤ ਛੋੜਕੇ ਅਧੂਰੀ ਹੈ। ੧।

ਮੰਨ ਗਿਆ ਰੂਸ ਏਸ ਗਲ ਨੂੰ ਸ਼ਤਾਬੀ ਨਾਲ ਕਰਲੀ ਦਲੀਲ ਜੰਗ ਛੋੜਕੇ ਸਫਾਈ ਤੇ । ਧਮਕੀ ਦੇ ਨਾਲ ਤੇਗ ਪਾ ਲਈ ਮਿਯਾਨ ਵਿਚ ਸੂਰਮੇ ਦਾ ਭੇਸ ਛੋਡ ਹੋਇਆ ਕੈਰ ਤਾਈ ਤੇ। ਤੋਪ ਤੇ ਮਸ਼ੀਨ ਗੰਨਾਂ ਕਰ ਅਨਲੋਡ ਬੈਠਾ ਘੱਲਿਆ ਨਾਂ ਬੇੜਿਆਂ ਨੂੰ ਸਖਤ ਲੜਾਈ ਤੇ। ਜਰਮਨਾਂ ਦੇ ਦਾਓ ਵਿਚ ਰੂਸ ਕਵੀ ਨੰਦ ਸਿੰਘਾ ਪਾਟ ਗਿਆ ਘਰ ਕੰਮ ਹੋਗਿਆ ਬੁਰਾਈ ਤੇ। ੨।

## ਵਾਕ ਕਵੀਸ਼ਰ। ਕਬਿਤ

ਧੋਖਾ ਦੇਣਾ ਦੋਸਤਾਂ ਨੂੰ ਬੈਠਕੇ ਤੇ ਚਾਰ ਯਾਰੀ ਰੱਬ ਦੇ ਦੁਆਰੇ ਜਾਕੇ ਗਲਤੀ ਨੂੰ ਖਾਣਗੇ। ਮਿਤਰਾਂ ਦੇ ਘਾਤੀਆਂ ਨੂੰ ਢੋਈ ਦਰਗਾਹ ਨਾਂਹੀ ਮਿਤਰਾਂ ਦੇ ਘਾਤ ਵਾਲੇ ਦੋਜਕਾਂ ਨੂੰ ਜਾਣਗੇ। ਮਿਤਰਾਂ ਦੇ ਘਾਤੀਆਂ ਦੀ ਪੁਛਦਾ ਨਾ ਬਾਤ ਕੋਈ ਮਿਤਰ ਦਰੋਹੀ ਯਾਰੋ ਅੰਤ ਪਛਤਾਣਗੇ। ਰੂਸਨੇ ਕਮਾਈ ਠੱਗੀ ਯਾਰ ਬਣ ਰਾਜਿਆਂ ਦਾ ਦੁਨੀਆਂ ਦੇ ਕਵੀ ਜਨ ਕਵਤਾ ਬਨਾਣਗੇ। ੩।

ਕਰਕੇ ਪਰੀਤ ਫੇਰ ਨੀਤ ਬਦਨੀਤ ਕਰੇ ਐਸੀ ਯਾਰੀ ਲਾਉਣੀ ਨੂੰ ਲੱਖ ਧ੍ਰਿਕਾਰ ਜੇ । ਕਰਕੇ ਜ਼ੁਬਾਨ ਹਾਰ ਜਾਣ ਵਾਲੇ ਮਾਮਲੇ ਤੋਂ ਮਰਨਾ ਭਲੇਰਾ ਏਹੀ ਸੂਰਮੇ ਦੀ ਕਾਰ ਜੇ । ਲਾਉਣੀ ਕੀ ਦੋਸਤੀ ਜੇ ਪਾਉਣੀ ਨਾ ਪੂਰੀ ਹੋਵੇ ਆਦਮੀ ਦਾ ਜੀਵਣਾ ਹੈ ਤਾਹੀਂ ਸਨਸਾਰ ਜੇ। ਰੂਸ ਵਾਲੀ ਦੋਸਤੀ ਨੂੰ ਛੋਡ ਕਵੀ ਹੋਲਦਾਰਾ ਰਖੂ ਤੇਰੀ ਲਾਜ ਵਾਹਿਗੁਰੂ ਕਰਤਾਰ ਜੇ। ੪।

ਰੂਸ ਧੋਖਾ ਦੇਗਿਆ ਬੇਸ਼ੱਕ ਭਾਵੇਂ ਰਾਜਿਆਂ ਨੂੰ ਰਲ ਮਿਲ ਮਿਤਰਾਂ ਨੇ ਹੌਸਲਾ ਨਾ ਤੋੜਿਆ। ਕੀਤੇ ਅਡਵੰਸ ਹੋਰ ਵੈਰੀਆਂ ਤੇ ਜੋਰ ਨਾਲ ਰੂਸ ਵਾਂਗ ਡਰਕੇ ਤੇ ਮੁਖੜਾ ਨਾ ਮੋੜਿਆ। ਤੁਰਕਾਂ ਤੇ ਜਰਮਨਾਂ ਨੇ ਮੋਰਚੇ ਫਨਾਹ ਕੀਤੇ ਐਸਾ ਮਿਲ ਦੋਸਤਾਂ ਪਰੇਮ ਜੋੜ ਜੋੜਿਆ। ਕਰਨੀ ਦੀ ਭਰਨੀ ਮਸਾਲ ਵਿਚ ਦੁਨੀਆਂ ਦੇ ਗੱਦੀਓਂ ਉਤਾਰ ਬਾਦਸ਼ਾਹੀ ਤੋਂ ਵਿਛੋੜਿਆ। ੫।

## ਕਰਨੀ ਦਾ ਫਲ ਅਤੇ ਰੂਸ ਵਿਚ ਫੁਟ। ਬੈਂਤ

ਢਿੱਲਾ ਪੈਗਿਆ ਰੂਸ ਦਾ ਪੰਥ ਸਾਰਾ ਏਹੋ ਮਾੜੇ ਨਸੀਬਾਂ ਦੀ ਕਾਰ ਹੁੰਦੀ।
ਬਾਦਸ਼ਾਹ ਨੂੰ ਸੁਟਿਆ ਤਖਤ ਉਤੋਂ ਕੇਹੀ ਚੰਦਰੀ ਫੁਟ ਬਦਕਾਰ ਹੁੰਦੀ।
ਪਾਟੇ ਧਾੜ ਹੋਗਈ ਸਾਰੀ ਬਾਦਸ਼ਾਹੀ ਹੋਈ ਕੈਦ ਜੋ ਕਦੇ ਸਰਕਾਰ ਹੁੰਦੀ।
ਫੁਟ ਪੁਟ ਦਿਤੇ ਘਰ ਪਾਂਡਵਾਂ ਦੇ ਜਿਥੇ ਜਾਂਵਦੀ ਏ ਮਾਰੋ ਮਾਰ ਹੁੰਦੀ।
ਏਸੇ ਫੁਟ ਨੇ ਲੰਕ ਲੁਟਾਈ ਯਾਰੋ ਦੇਖੋ ਯਾਦਵਾਂ ਨੂੰ ਜੈ ਜੈ ਕਾਰ ਹੁੰਦੀ।
ਫੁਟ ਪਈ ਸੀ ਖਾਲਸੇ ਰਾਜਅੰਦਰ ਜਿਥੇ ਚਮਨਦੀ ਸਬਜਗੁਲਜ਼ਾਰਹੁੰਦੀ।
ਕੀਤੀ ਫੁਟ ਨੇ ਰੂਸ ਦੀ ਧੜੇਬੰਦੀ ਜਿਥੇ ਫੌਜ ਤੇ ਫੌਜ ਤਿਆਰ ਹੁੰਦੀ।
ਮਿਲੇ ਹੁਕਮ ਅਡਵੈਂਸਜਰਨੈਲ ਪਾਸੋਂ ਅਗੋਂ ਪਈ ਰਟਿਆਰਟਿਆਰਹੁੰਦੀ।
ਕੋਈ ਸੁਣੇ ਨਾ ਕਿਸੇ ਦੀ ਗਲ ਯਾਰੋ ਆਪੋ ਆਪਣੀ ਪਈ ਵਿਚਾਰ ਹੁੰਦੀ।
ਦਿਤੇ ਮੋਰਚੇ ਛੋਡ ਡਵੀਜਨਾ ਨੇ ਖੁਸ਼ੀ ਵੈਰੀਆਂ ਬੇਸੁਮਾਰ ਹੁੰਦੀ।
ਕੱਈ ਸੈਂਕੜੇ ਮੀਲਾਂ ਦੀ ਜੀਤ ਹੋਕੇ ਦੇਖੋ ਬਾਝ ਇਤਫਾਕ ਦੇ ਹਾਰ ਹੁੰਦੀ।
ਰੋਕਾਂ ਪੈਗਈਆਂਸਾਡੇ ਅਡਵੈਂਸ ਅੰਦਰ ਕੋਈ ਪੇਸ਼ਨਾ ਭਾਵੀ ਕਰਤਾਰਹੁੰਦੀ।
ਕੁਸਤੁਨਤੁਨੀਆਂ ਤੇਕਰਨਾਮੁਕਾਬਲਾਸੀ ਜੇਕਰਰੂਸਦੀਫੌਜ ਬਲਕਾਰ ਹੁੰਦੀ।
ਪੈਹਲੇ ਬੰਨ੍ਹਕੇ ਮੁਢ ਲੜਾਈ ਵਾਲਾ ਹੁਣ ਦਿਸਦੀ ਬੁਧ ਗੁਬਾਰ ਹੁੰਦੀ।
ਹਥ ਘੱਤਕੇ ਸ਼ੇਰ ਦੇ ਪਿੰਜਰੇ ਨੂੰ ਫੇਰ ਜਿਊਣ ਦੀ ਨਹੀਂ ਦਰਕਾਰ ਹੁੰਦੀ।
ਅਜੇ ਹਈ ਵੇਲਾ ਗੱਡੋ ਪੈਰ ਮੁੜਕੇ ਨਹੀਂ ਭਜਣਾ ਫੌਜ ਦੀ ਕਾਰ ਹੁੰਦੀ।
ਪਾਟੇ ਦੁਧਦਾ ਨਹੀਂ ਇਲਾਜ ਕੋਈ ਜ਼ੈਹਰ ਖਾਧਿਆਂ ਜਿੰਦ ਬੀਮਾਰ ਹੁੰਦੀ।

## ਤਥਾ ਰਾਜ ਨੀਤੀ ਬਚਨ

ਮਨਮੋਤੀ ਤੇ ਦੁਧ ਸੁਭਾਉ ਤਿੰਨੇ ਟੁਟ ਗਿਆਂ ਦਾ ਬਣੇ ਇਲਾਜ ਨਾਹੀਂ।
ਗਿਆ ਤੀਰ ਕਮਾਣੋਂ ਤੇਗਲਮੂੰਹੋਂ ਵਕਤਗਿਆ ਜੋ ਕਲਨੂੰ ਆਜ ਨਾਹੀਂ।
ਗਿਆ ਰੂਹ ਕਲਬੂਤ ਨਾ ਫੇਰ ਆਵੇ ਸੱਖ ਮਰਮਰਾਂ ਲਗਦੇ ਪਾਜ ਨਾਹੀਂ।
ਨਦੀ ਨੀਰ ਨਾ ਵਿਛੜੇ ਫੇਰ ਮਿਲਦੇ ਮਰਗਿਆਂ ਦੀ ਸੁਣੇ ਅਵਾਜ ਨਾਹੀਂ।
ਟੁਟੀ ਦੋਸਤੀ ਕਦੇ ਨਾਂ ਸੂਤ ਆਵੇ ਜਿੱਥੇ ਵਿਗੜਦੇ ਸੌਰ ਦੇ ਕਾਜ ਨਾਹੀਂ।
ਏਸੇ ਤਰਾਂ ਹੀ ਰੂਸ ਦੀ ਰਾਜਧਾਨੀ ਦਿਸੂ ਕਦੇ ਉਡਾਉਂਦੀ ਬਾਜ ਨਾਹੀਂ।
ਹੋਏ ਧੜੇ ਦੋ ਰਹੀ ਸੀ ਏਕਤਾ ਨਾਂ ਸੀਸ ਰਾਜੇ ਦੇ ਦਿਸ ਦਾ ਤਾਜ ਨਾਹੀਂ।
ਫੌਜਾਂ ਹੋਗਈਆਂ ਹੁਕਮਅਦੂਲ ਉਤੇ ਰੱਖੀ ਕਿਸੇਨੇ ਸ਼ਰਮਦੀਲਾਜ ਨਾਹੀਂ।

ਤੱਖਤੋਂ ਬਖਤ ਆਪੈਗਿਆ ਸ਼ਾਹ ਉਤੇ ਕੋਈ ਦਿਸਦੀ ਮੜਕਮਜਾਜ ਨਾਹੀਂ।
ਗਈਹਾਰਤਕਦੀਰਜਾਂ ਹੌਲਦਾਰਾ ਕਿਹਾ ਕਿਸੇ ਤੇ ਕੋਈ ਇਤਰਾਜ਼ ਨਾਹੀਂ।

## ਵਾਕ ਕਵੀਸ਼ਰ

ਜਾਣੋਅਗਸਤਸਤਾਰਾਂਦੀਦੂਸਰੀਨੂੰ ਧਮਕੀ ਦੇਣਦੀ ਅਸੀਂ ਸਲਾਹ ਕੀਤੀ।
ਤਿੰਨ ਵਜੇ ਬ੍ਰਗੇਡਦਾ ਕੂਚ ਹੋਇਆ ਛੱਬੀ ਕੇਵਲਰੀ ਭੇਜ ਹਮਰਾਹ ਕੀਤੀ।
ਜਗਾ ਜਗਾ ਤੇ ਵੰਡਿਆ ਪੈਦਲਾਂ ਨੂੰ ਤੋਪ ਖਾਨਿਆਂ ਪਿਛੇ ਪਨਾਹ ਕੀਤੀ।
ਲੈਣਾ ਕੀਤੀਆਂ ਚਾਰ ਕੁਮਾਂਡਰਾਂ ਨੇ ਸਵਾ ਪੰਜ ਹੁੰਦੇ ਠਾਹ ਠਾਹ ਕੀਤੀ।
ਅਗੇ ਮੋਰਚੇ ਦੇ ਵਿਚ ਹੈਨ ਤੁਰਕੀ ਸਾਨੂੰ ਦੇਖਕੇ ਨਹੀਂ ਪਰਵਾਹ ਕੀਤੀ।
ਖਤਰ ਨਾਕ ਸੀ ਰੈਟ ਫਲਾਂਗ ਸਾਰਾ ਸਿੱਧੀ ਗੇਟ ਉਥੇ ਵਾਹੋ ਦਾਹ ਕੀਤੀ।
ਵਧੀ ਸੈ ਤ੍ਰੈ ਅਗੇ ਉਨੱਤ੍ਰ ਨੰਬਰ ਸੱਤ ਰਾਜ ਪੂਤਾਂ ਖਬੇ ਰਾਹ ਕੀਤੀ।
ਕੀਤਾ ਹੋਰ ਅਡਵੰਸ ਜਾਂ ਨੰਦਸਿੰਘਾ ਅਗੋਂ ਫੈਰਸੰਦੀ ਧਾਹ ਧਾਹ ਕੀਤੀ।

## ਅਦਨ ਦੇ ਨੁਕਸਾਨ

ਚੜੀਕਲਮ ਸਾਡੀ ਉਤੇ ਵੈਰੀਆਂ ਦੇ ਜਾਣੋਫਜਰ ਉਨੱਤੀ ਸਤੰਬਰਦੀ ਸੀ।
ਪੰਝੱਤ੍ਰ ਨੰਬਰ ਕਰਨਾਟ ਮਦਰਾਜ ਵਾਲੀ ਫੈਰਿੰਗ ਲੈਨਅਗੇਸੱਤਨੰਬ੍ਰਦੀਸੀ।
ਅਗੇ ਤੁਰਕੀਆਂਭੀ ਏਹੀ ਕੰਮ ਕੀਤਾ ਕੁਦਰਤ ਓਸ ਕਰਤਾਰਪੈਕੰਬ੍ਰਦੀ ਸੀ।
ਓਥੇ ਹੋਗਏ ਸਬਬ ਦੇ ਮੇਲ ਯਾਰੋ ਨੀਲੀ ਰੋਸ਼ਨੀ ਉਪਰੋਂ ਅੰਬਰ ਦੀ ਸੀ।
ਰਯਾਨ ਫੋਰਸ ਕ੍ਰਨਾਟ ਨੇਜਦੋਂ ਕੀਤਾ ਗੋਲੀਤੁਰਕੀਆਂ ਦੀ ਅਗੇਸੰਬ੍ਰਦੀਸੀ।
ਛੋਟੀ ਰੈਂਜ ਦੇਕੇ ਚਲੇ ਤੋਪਖਾਨੇ ਤਦੋਂ ਤੁਰਕ ਦੀ ਫੌਜ ਠਠੰਬ੍ਰ ਦੀ ਸੀ।
ਚੰਗੀਬਣੀਔਖੀ ਓਥੇ ਨੰਦਸਿੰਘਾ ਮਰਜ਼ੀ ਰੱਬ ਕਮੇਟੀ ਦੇ ਮਿੰਬ੍ਰ ਦੀ ਸੀ।

## ਸ਼ਰੀਫ ਛੰਦ

ਬਾਈ ਜੋ ਦਸੰਬਰ ਸਤਾਰਾਂ ਸੰਨ ਸੀ। ਸੱਤ ਰਾਜ ਪੂਤ ਨੇ ਭਨਾਏ ਕੰਨ ਸੀ। ਕੱਲਾ ਕੱਲਾ ਆਦਮੀ ਪਕਾਏ ਪੂੜੀਆਂ। ਝੋਲਿਆਂ ਦੇ ਵਿਚ ਕਰ ਪਾਈਆਂ ਜੂੜੀਆਂ। ਰਾਮ ਚੰਦ ਸੀਤਾ ਨੂੰ ਨਿਵਾਕੇ ਸੀਸ ਜੀ। ਜੈ ਜੈ ਕਾਰ ਸ਼ਿਵਜੀ ਮਨਾਇਆ ਈਸ ਜੀ। ਚਲੇ ਹਿੰਦੂ ਸੂਰਮੇ ਮਦਾਨ ਜੰਗ ਨੂੰ। ਮੋੜਿਆ ਨਾਂ ਕਿਸੇ ਨੇ ਪਿਛਾੜੀ ਅੰਗ ਨੂੰ। ਰਾਜ ਪੂਤ ਨਾਮ ਉਤੋਂ ਮਸ਼ਾਹੂਰੀਆਂ। ਕਰ ਲੈਂਦੇ ਸੂਰਮੇ ਦਲੀਲਾਂ ਪੂਰੀਆਂ। ਪੈਹਲੀ ਲੈਣ ਹੋਕੇ ਵਧੀਆਂ ਸੀ ਟੋਲੀਆਂ। ਕਾੜ ਕਾੜ ਕਾੜ ਅਗੋਂ ਪੈਣ

ਗੋਲੀਆਂ। ਚੁਕ ਤਕਦੀਰ ਬੰਦਿਆਂ ਨੂੰ ਲੈ ਗਈ। ਭੀੜ ਸੱਤ ਰਾਜੇ ਪੁਤਰਾਂ ਨੂੰ ਪੈਗਈ। ਤੁਰਕਾਂ ਨੇ ਛਿਪਕੇ ਲਗਾਏ ਫੰਧ ਜੀ। ਫਸ ਗਏ ਵਿਚਾਰੇ ਸਾਡੇ ਭਾਈ ਬੰਧ ਜੀ। ਪਿਛੋਂ ਗੋਰਾ ਫੌਜ ਦੀ ਮਿਲੀ ਸਹਾਇਤਾ। ਹੋਈ ਫੌਜ ਤੁਰਕਾਂ ਦੀ ਨੂੰ ਚੰਗੀ ਭਾਇਤਾ। ਐਸੇ ਜੋਰ ਨਾਲ ਤੋਪਖਾਂਨੇ ਚੱਲ ਗਏ। ਜ਼ਿਮੀ ਅਸਮਾਨ ਮਾਨੋ ਦੋਏ ਹੱਲ ਗਏ। ਸੱਤ ਰਾਜਪੂਤ ਨੂੰ ਮਦਾਨੋ ਕਢਿਆ। ਆਤਮੇ ਨੇ ਰੂਹਾਂ ਦਾ ਪਿਆਰ ਛੱਡਿਆ। ਸੈਂਕੜੇ ਜੁਆਨਾਂ ਦਾ ਵਛੋੜਾ ਪੈਗਿਆ। ਰਿਹਾ ਨਾ ਨਸ਼ਾਨ ਨੇਕੀ ਨਾਮ ਰੈਹਗਿਆ। ਨਵੇਂ ਰੰਗਰੂਟ ਰਾਜਪੂਤ ਛੋਕਰੇ। ਮਾਪਿਆਂ ਦੇ ਘਰੋਂ ਬਣ ਆਏ ਨੌਕਰੇ। ਸੁੰਦਰ ਜੁਆਨ ਛਡ ਗਏ ਜੁਆਨੀਆਂ। ਖੇਡਿਆ ਸ਼ਕਾਰ ਸਰਕਾਰੀ ਜਾਨੀਆਂ। ਕਰੜੇ ਲੜਾਈ ਵਿਚ ਦੇਖੇ ਮਾਮਲੇ। ਫੌਜੀਆਂ ਨੇ ਹੋਕੇ ਕੁਰਬਾਨ ਸਾਂਭਲੇ। ਲੋਕਾਂ ਨੇ ਤਲੰਗਿਆਂ ਦੀ ਪਾਈ ਅੱਲ ਜੀ। ਦੇਖੀ ਜੇ ਤਲੰਗਿਆਂ ਨੇ ਪਾਈ ਠੱਲ ਜੀ। ਮੀਆਂ ਮਿਠੂ ਬਣਨਾ ਵਡਾਈ ਹੁੰਦੀ ਹੈ। ਪੰਗਤੀ ਸ਼ਰੀਫ ਛੰਦ ਵਿਚ ਗੁੰਦੀ ਹੈ। ਜਰਮਨ ਰੱਖਦਾ ਹੈ ਯਾਦਗਾਰੀਆਂ। ਜੈਸੀਆਂ ਤਲੰਗਿਆਂ ਨੇ ਤੇਗਾਂ ਮਾਰੀਆਂ। ਸ਼ੇਖੀਆਂ ਨਾ ਮਾਰ ਨੰਦ ਸਿੰਘ ਨੌਕਰਾ। ਸਿਰ ਬਦਨਾਮੀਆਂ ਦਾ ਲੈਕੇ ਟੋਕਰਾ।

### ਜੰਗ ਦਾ ਝਾਕਾ ਵਾਕ ਕਵੀਸ਼ਰ

ਲੈਕੇਜਨਵਰੀ ਸੰਨ ਸਤਾਰਾਂਦੀ ਤੋਂ ਸਾਰਾ ਸਾਲਹੀਰਹੀਆਂਲੜਾਈਆਂ ਜੇ।
ਰੈਸਟ ਹੋਈ ਨਾ ਅਦਨ ਦੇ ਮੋਰਚੇ ਤੇ ਹੈਨ ਮੱਚੀਆਂ ਬਹੁਤ ਦੁਹਾਈਆਂ ਜੇ।
ਐਪਰਖੈਰਕੁਜਰਹੀ ਨੁਕਸਾਨ ਵਲੋਂ ਆਡਾਂ ਕੁਦਰਤੀ ਹੈਨ ਸੁਹਾਈਆਂ ਜੇ।
ਤਾਂਭੀ ਰਿਹਾ ਲੜਾਈਦਾ ਜ਼ੋਰ ਏਥੇਹੈਨ ਪੈਂਦੀਆਂ ਸਖਤ ਗਰਮਾਈਆਂ ਜੇ।
ਬੰਬ ਔਰ ਸਗੀਨਾਂ ਦੇ ਜੁਧ ਹੋਗਏ ਗਈਆਂਉਡਕੇ ਬਹੁਤ ਹਵਾਈਆਂ ਜੇ।
ਫੈਰ ਨਹੀਂ ਸੀ ਤੋਪਦਾ ਬੰਦ ਹੋਇਆ ਸਾਰਾ ਸਾਲਅੰਧੇਰੀਆਂਆਈਆਂ ਜੇ।
ਖਾਲੀ ਗਿਆ ਨਾ ਕੋਈ ਸੁਵੇਰ ਯਾਰੋ ਕਦੇ ਚਲੀਆਂਕਦੇ ਚਲਾਈਆਂ ਜੇ।
ਪੈਰ ਵਧੇ ਦਿਸਣ ਅਗੇ ਵੈਰੀਆਂ ਦੇ ਏਸੇ ਵਾਸਤੇ ਰੈਹਣ ਚੜ੍ਹਾਈਆਂ ਜੇ।
ਠੱਤੀ ਡੋਗਰਾਔਰਪਛੱਤਰ ਨੰਬਰ ਏਹਨਾ ਨਫਰੀਆਂਬਹੁਤਘਟਾਈਆਂ ਜੇ।
ਹੁੰਦੇਕੰਮਲੜਾਈਵਿਚ ਕਿਸਮਤਾਂਦੇ ਕਈ ਮਰਗਏ ਸੱਚਬਿਨਆਈਆਂ ਜੇ।
ਕਈ ਸਣੇ ਬਹਾਦਰੀਲੈਨ ਤਮਗੇ ਜਾਨਾਂ ਬਹੁਤਿਆਂ ਮੁਫਤਗਵਾਈਆਂ ਜੇ।

ਕਈ ਰਹੇ ਹਮੇਸ਼ਵਿਚ ਫੈਟਿੰਗਲੈਣਾਕਈਆਂਗੋਲੀਆਂਨਹੀਂਚਲਾਈਆਂ ਜੇ।
ਕਈ ਹਸਤਪਤਾਲਾਂ ਦੇ ਰਹੇ ਵਿਚੇ ਡਾਕਦਾਰਾਂ ਨੂੰ ਦੇਣ ਵਧਾਈਆਂ ਜੇ।
ਏਸਤਰਾਂ ਦੀ ਕੋਈ ਨਾ ਖਬਰ ਦੇਵੇ ਕਦੋਂ ਹੋਣੀਆਂ ਸੁਲਾ ਸਫਾਈਆਂ ਜੇ।
ਮਾਰੋ ਮਾਰ ਦੀ ਪਈ ਅਵਾਜ਼ ਆਵੇ ਏਹੋ ਦੇਣ ਅਖਬਾਰ ਦੁਹਾਈਆਂ ਜੇ।
ਵੱਸ ਰਹੀ ਨਾ ਰਾਜਿਆਂ ਰਾਣਿਆਂ ਦੇ ਹੈਨ ਤੇਰੀਆਂ ਬੇ ਪ੍ਰਵਾਹੀਆਂ ਜੇ।
ਕੌਣ ਜੰਮਿਆਂ ਫੈਸਲੇ ਕਰਨ ਵਾਲਾ ਜਿਥੇ ਰੱਬ ਅਦਾਲਤਾਂ ਲਾਈਆਂ ਜੇ।
ਵਾਧ ਘਾਟ ਹੁੰਦੀ ਤੇਰੇ ਹੁਕਮ ਅੰਦਰ ਤੂੰ ਤੇ ਬੜਾ ਬੇਅੰਤ ਹੈਂ ਸਾਈਆਂ ਜੇ।
ਕੋਈ ਵੱਸਨਾ ਕਿਸੇਦੇ ਹੌਲਦਾਰਾ ਪਈਆਂਪੁਤਾਂਨੂੰਝੂਰਦੀਆਂ ਮਾਈਆਂ ਜੇ।

### ਸਮੁੰਦਰੀ ਲੜਾਈ। ਤਥਾ

ਜੰਗ ਸ਼ੁਰੂ ਸਮੁੰਦਰਾਂਵਿਚ ਹੋਗਏ ਜੈ ਜੈ ਕਾਰ ਹੁੰਦੀ ਅਕਲ ਵਾਲਿਆਂ ਦੀ।
ਸੰਨ ਉਨੀ ਸਤਾਰਾਂ ਦੀ ਫਰਵਰੀਤੋਂ ਗਲਸੁਣੀਦੀ ਐਸਿਆਂਚਾਲਿਆਂ ਦੀ।
ਪੈਦਾ ਕੀਤੀਆਂ ਕਿਸ਼ਤੀਆਂ ਜ਼ਾਲਮਾਨੇ ਬੇਈਮਾਨੀਏਦਿਲਾਂਦੇਕਾਲਿਆਂਦੀ।
ਗੋਤਾਮਾਰ ਜਾਂਦੇ ਵਿਚੇਪਾਣੀਆਂ ਦੇ ਕੋਈ ਖਬਰਨਾ ਲਗਦੀ ਭਾਲਿਆਂ ਦੀ।
ਧੋਖੇ ਨਾਲ ਜਹਾਜ਼ ਨੂੰ ਡੋਬ ਜਾਂਦੇ ਕੌਣ ਜਾਣਦਾ ਰੱਬ ਦੇ ਚਾਲਿਆਂ ਦੀ।
ਦੂਰੋਂ ਮਾਰਦੇ ਚੰਦਰੇ ਤਾਰ ਪੇਡੂ ਚਾਬੀ ਕੋਈ ਨਾ ਐਸਿਆਂ ਤਾਲਿਆਂ ਦੀ।
ਕੀਤਾਗਰਕ ਹਜ਼ਾਰਾਂਮੁਸਾਫਰਾਂ ਨੂੰ ਕੀਤੀ ਭਰਨਗੇ ਐਸਿਆਂ ਹਾਲਿਆਂ ਦੀ।
ਭਾਰੀਜੁਲਮਕਮਾਇਆ ਜਰਮਨਾਂ ਨੇ ਬੁਧੀਸ਼ੂੰਨਹੋਗਈ ਮਤਵਾਲਿਆਂ ਦੀ।
ਬੰਦੇ ਰੱਬਦੇ ਮਰਨ ਕੁਮੌਤ ਯਾਰੋ ਜਿਥੇ ਜਗਾ ਨਾਂਹੀ ਨਦੀ ਨਾਲਿਆਂ ਦੀ।
ਡੁਬ ਸੈਂਕੜੇ ਗਏ ਜਹਾਜ਼ ਓਥੇ ਜਿਥੇ ਧਾਰ ਸਮੁੰਦਰਾਂ ਕਾਲਿਆਂ ਦੀ।
ਕੋਈਫੜੇਨਾ ਪਾਣੀਆਂ ਤਰਦਿਆਂ ਨੂੰ ਬੇੜੀ ਗਰਕਹੋਜੇਐਸੇ ਸਾਲਿਆਂ ਦੀ।
ਜੁਲਮ ਵਿਚ ਸਮੁੰਦਰਾਂ ਹੌਲਦਾਰਾ ਤਵਾਰੀਖ ਦੱਸੂ ਲਿਖਣ ਵਾਲਿਆਂ ਦੀ।

### ਵਾਕ ਕਵੀਸ਼ਰ

ਲੰਬੀ ਸੋਚਅੰਗ੍ਰੇਜ਼ੀ ਸਰਕਾਰਕਰਦੀ ਵੱਟਾ ਪਾਪ ਦੇ ਜ਼ੁਲਮਦਾ ਲਾਹੁਣਾ ਕੀ।
ਹੈਨਕਿਸ਼ਤੀਆਂਬਹੁਤਮੌਜੂਦਪਈਆਂ ਐਪਰ ਵਿਚ ਸਮੁੰਦਰ ਵਹਾਉਣਾ ਕੀ।
ਭਾਰੀ ਪਾਪ ਜਹਾਜ਼ ਦਾ ਡੋਬ ਦੇਣਾ ਬੰਦਾ ਰਬ ਦਾ ਨੀਰ ਡੁਬਾਉਣਾ ਕੀ।
ਆਖਰਛਡੀਆਂ ਕਿਸ਼ਤੀਆਂ ਛੋੜਦੇਕੇ ਰਾਜਨੀਤ ਅੰਦਰ ਸ਼ਰਮਾਉਣਾ ਕੀ।
ਪਕੜੋ ਬੇੜੀਆਂ ਸਣੇ ਹਰਾਮੀਆਂ ਦੇ ਵੈਰੀ ਸਮਝਕੇਮਾਰ ਮੁਕਾਉਣਾ ਕੀ।

ਜੇਹੜਾ ਪਾਪ ਦੀ ਪੰਡ ਉਠਾਈ ਬੈਠਾ ਜ਼ੁਲਮ ਓਸ ਤੇ ਹੋਰ ਲਗਾਉਣਾ ਕੀ।
ਕੀਤਾ ਸਾਫ ਸਮੁੰਦਰਾਂ ਸਾਰਿਆਂ ਨੂੰ ਫੇਰ ਦੁਸ਼ਮਨਾਂ ਨੇ ਅਗੇ ਆਉਣਾ ਕੀ।
ਲਗੇ ਤੁਰਨ ਜਹਾਜ਼ ਬੇਫਿਕਰ ਹੋਕੇ ਅਗੋਂ ਕਿਸ਼ਤੀਆਂ ਫੇਰ ਅਟਕਾਉਣਾ ਕੀ।
ਇੱਟ ਮਾਰਦੇ ਨੂੰ ਅਗੋਂ ਮਾਰੋ ਪੱਥਰ ਰਾਜਨੀਤ ਦਾ ਵਾਕ ਭੁਲਾਉਣਾ ਕੀ।
ਜੇਹੜਾ ਨਾਲ ਪ੍ਰੇਮ ਦੇ ਗੱਲ ਕਰਦਾ ਕੌੜਾ ਓਸ ਨੂੰ ਬੋਲ ਸੁਨਾਉਣਾ ਕੀ।
ਜੇਹੜਾ ਆਪਤੋਂ ਜਾਨ ਕੁਰਬਾਨ ਕਰਦਾ ਪਿਛੇ ਓਸਤੋਂ ਅੰਗ ਹਟਾਉਣਾ ਕੀ।
ਬਾਲ ਇਸਤਰੀ ਮੰਗਤਾ ਤਨੋਂ ਰੋਗੀ ਏਹਨਾਂ ਚੌਹਾਂ ਤੇ ਹਥ ਉਠਾਉਣਾ ਕੀ।
ਝਗੜਾ ਕਰਦਿਆਂ ਨੂੰ ਜ਼ਰਾ ਸ਼ਰਮ ਚਾਹੀਏ ਸ਼ਰਾ ਕਰਦਿਆਂ ਫੇਰ ਸ਼ਰਮਾਉਣਾ ਕੀ।
ਜੇਹੜੇ ਰਖਦੇ ਨਹੀਂ ਜ਼ਬਾਨ ਕਾਬੂ ਓਹਨਾਂ ਕੋਈ ਮੁਰਾਤਬਾ ਪਾਉਣਾ ਕੀ।
ਜੇਹੜੇ ਯਾਰ ਜਨਾਨੀਆਂ ਭੈੜੀਆਂ ਦੇ ਓਹਨਾਂ ਇਜ਼ਤਾਂ ਹੋਰ ਵਧਾਉਣਾ ਕੀ।
ਖਾਣੇ ਖਾ ਲਈਏ ਜਿਨਾਂ ਨਾਲ ਬੈਹਕੇ ਫੇਰ ਜਾਤੀਆਂ ਖੋਜ ਕਢਾਉਣਾ ਕੀ।
ਧੋਖੇ ਦੋਸਤਾਂ ਨਾਲ ਪਏ ਕਰਨ ਜੇਹੜੇ ਓਹਨਾਂ ਸੁਰਗ ਦੀ ਪੁਰੀ ਨੂੰ ਜਾਉਣਾ ਕੀ।
ਜੂਆ ਖੇਡਦੇ ਪੀਣ ਸ਼ਰਾਬ ਜੇਹੜੇ ਓਹਨਾਂ ਹੁੰਡੀਆਂ ਜਮਾਂ ਕਰਵਾਉਣਾ ਕੀ।
ਦਿਤਾ ਰੱਬ ਨੇ ਓਸ ਤੇ ਸ਼ੁਕਰ ਕਰੀਏ ਮਾਲ ਕਿਸੇ ਦਾ ਫੇਰ ਚੁਰਾਉਣਾ ਕੀ।
ਬੰਦਾ ਨਾਮ ਰਖਾਇਕੇ ਵਿਚ ਦੁਨੀਆਂ ਬਾਝ ਬੰਦਗੀ ਵਕਤ ਲੰਘਾਉਣਾ ਕੀ।
ਸ਼ੀਰੀ ਨਹੀਂ ਜੁਬਾਨ ਦੇ ਵਿਚ ਰਤੀ ਓਹਨੇ ਵਿਦਜਾ ਰਾਗ ਨੂੰ ਗਾਉਣਾ ਕੀ।
ਜੀਹਨੇ ਦੇਖਿਆ ਨਹੀਂ ਪੁਰਾਣ ਪਿੰਗਲ ਓਸ ਕਵੀ ਨੇ ਛੰਦ ਬਨਾਉਣਾ ਕੀ।
ਬਾਝ ਮਾਲਕਾਂ ਰੰਡੀਆਂ ਔਰਤਾਂ ਨੇ ਚੰਗਾ ਹਾਰ ਸ਼ਿੰਗਾਰ ਲਗਾਉਣਾ ਕੀ।
ਪਹਿਲੇ ਲੁੱਟ ਜਵਾਈ ਕੰਗਾਲ ਕਰਨਾ ਫੇਰ ਆਖਣਾ ਓਸ ਪਰਾਉਣਾ ਕੀ।
ਜੇਹਦਾ ਭਾਉ ਪਰੇਮ ਤੇ ਕਦਰ ਕਰੀਏ ਫੇਰ ਓਸਨੂੰ ਘਰਾਂ ਤੋਂ ਤਾਉਣਾ ਕ।
ਵਕਤ ਗਿਆ ਜੇ ਫੇਰ ਨਾਂ ਹੱਥ ਆਵੇ ਐਵੇ ਮੂਰਖਾਂ ਵਾਂਗ ਪਛਤਾਉਣਾ ਕੀ।
ਆਕੜ ਵਿਚ ਮਜਾਜ਼ ਦੇ ਰਹੇ ਜੇਹੜਾ ਐਸਾ ਆਦਮੀ ਜਾ ਬੁਲਾਉਣਾ ਕੀ।
ਜੇਹੜਾ ਗਊ ਗਰੀਬ ਤੇ ਜੁਲਮ ਕਰਦਾ ਮਾਰੋ ਓਸਨੂੰ ਖੌਫ ਉਠਾਉਣਾ ਕੀ।
ਦਾਖਲ ਜੰਗੀ ਸਿਪਾਹੀਆਂ ਵਿਚ ਹੋਕੇ ਚੱਲੀ ਤੇਗ ਤੋਂ ਫੇਰ ਘਬਰਾਉਣਾ ਕੀ।
ਮੁਸਲਮਾਨ ਹਿੰਦੂ ਸਿਖ ਤਿੰਨ ਕੌਮਾਂ ਬਾਝ ਬੰਦਗੀ ਜਾਤ ਸਦਾਉਣਾ ਕੀ।
ਜੇਹੜਾ ਆਪ ਸਕੱਤਰੀ ਮੂਰਖਾਂ ਦਾ ਇਲਮ ਪੁਤਨੂੰ ਓਸ ਪੜ੍ਹਾਉਣਾ ਕੀ।
ਮੁਲ ਵੇਚਕੇ ਆਪਣੀ ਕੰਨਿਆਂ ਨੂੰ ਬੈਠ ਸਭਾ ਦੇ ਵਿਚ ਸੁਹਾਉਣਾ ਕੀ।

ਨਾੜੀ ਦੇਖ ਨਾ ਜਾਣਦਾ ਰੋਗੀਆਂ ਦੀ ਓਸ ਵੈਦ ਹਕੀਮ ਕਹਾਉਣਾ ਕੀ।
ਅੱਗਸੱਪ ਤਲਵਾਰ ਤੇ ਪੂਲਸ ਵਾਲਾ ਰੰਡੀਨਾਲ ਪਿਆਰਦਾ ਪਾਉਣਾ ਕੀ।
ਸ਼ਰਮ ਧਰਮ ਦਨਾਈ ਦੇ ਕੰਮ ਜਿਥੇ ਐਸੇ ਯਾਰਦਾ ਪਿਛਾ ਤਕਾਉਣਾ ਕੀ।
ਕੰਨ ਪਾੜਕੇ ਪਾ ਲਈਆਂ ਮੁੰਦਰਾਂ ਜੇ ਦੇਖਇਸਤ੍ਰੀ ਚਿੱਤ ਭਰਮਾਉਣਾ ਕੀ।
ਦੇਣਾ ਦਾਨ ਕੀ ਸੂਮ ਨੇ ਮੰਗਤੇ ਨੂੰ ਬੱਗੇ ਸ਼ੇਰ ਨੇ ਮੁਛ ਪੁਟਾਉਣਾ ਕੀ।
ਮਿਠੀ ਚੋਗ ਚੁਗਾਇਕੇ ਪੰਛੀਆਂ ਨੂੰ ਫੇਰ ਕੈਹਰਦਾ ਤੀਰ ਚਲਾਉਣਾ ਕੀ।
ਚੋਰ ਠੱਗ ਜੁਆਰੀ ਦੀ ਦੋਸਤੀ ਕੀ ਸਾਧ ਸੰਤ ਫਕੀਰ ਦੁਖਾਉਣਾ ਕੀ।
ਚੰਗੇ ਯਾਰ ਦਿਲਦਾਰ ਦੇ ਆਤਮੇ ਨੂੰ ਤਾਨਾ ਮਾਰਕੇ ਫੂਕ ਜਲਾਉਣਾ ਕੀ।
ਜਿਥੇ ਵੰਡ ਵਿਹਾਰ ਨਾ ਕਾਰ ਕੋਈ ਗਲ ਚੁਕ ਮੁਕਦਮਾ ਪਾਉਣਾ ਕੀ।
ਕਰਕੇ ਬੰਦਗੀ ਇਕ ਪ੍ਰਮਾਤਮਾਂ ਦੀ ਝੂਠਾ ਪੀਰ ਫਕੀਰ ਮਨਾਉਣਾ ਕੀ।
ਚੰਗੀ ਨੇਕ ਦਨਾਈ ਦੀ ਮੱਤ ਲੈਕੇ ਐਵੇਂ ਸੀਂਦਕਾ ਜਗ ਹਸਾਉਣਾ ਕੀ।
ਭਰਤੀ ਹੋਵੇ ਸ਼ਰੀਕ ਸ੍ਰਦਾਰ ਜਿਥੇ ਓਸ ਫੌਜ ਵਿਚ ਨਾਮ ਲੁਵਾਉਣਾ ਕੀ।
ਦਗੇਦਾਰ ਅਨਦਾਹੜੀਆ ਚੋਰਬ੍ਰਾਹਮਣ ਬੋਲਚੌਹਾਂਨੇ ਤੋੜਨਭਾਉਣਾ ਕੀ।
ਪਾਪਕਰਦਿਆਂ ਨੂੰ ਹੋਣੀ ਸ਼ਰਮਚਾਹੀਏਸੇਵਾਕਰਦਿਆਂਚਿਤਅਕਾਉਣਾ ਕੀ।
ਸਾਧ ਵੈਦ ਸ੍ਰਦਾਰ ਵਕੀਲ ਚਾਰੇ ਘਰ ਬੈਠਿਆਂ ਲੇਖ ਪ੍ਰਤਾਉਣਾ ਕੀ।
ਠਾਣੇਦਾਰ ਪਟਵਾਰੀ ਗੁਰਦੌਰ ਮੁਨਸ਼ੀਏਹਨਾਂਚੌਹਾਂਦਾ ਯਾਰਰੁਸਾਉਣਾ ਕੀ।
ਛੋਟੀ ਧੌਣ ਮਧਰੀ ਬਿਲੀ ਸੇਹਲੀਮੋਟੀਐਸੀਰੰਨਦਾ ਛਡਵਿਆਉਣਾ ਕੀ।
ਗੰਜਾ ਖੋਦਾ ਟੀਰਾ ਚੁਪ ਰੈਹਣ ਵਾਲਾ ਐਸੇ ਮਰਦਨੇ ਭਲਾ ਕਮਾਉਣਾ ਕੀ।
ਕਵੀ ਰਾਜਾ ਹਕੀਮ ਰਸੋਈ ਵਾਲਾ ਵੈਰ ਚੌਹਾਂ ਦੇ ਨਾਲ ਵਧਾਉਣਾ ਕੀ।
ਰੋਗ ਸੋਗ ਧਨਜਾਵੇਕੁਆਰਕੰਨਯਾ ਏਹਨਾਂ ਚੌਹਾਂ ਨੇ ਰੱਜਕੇ ਸਾਉਣਾ ਕੀ।
ਮੂਰਖ ਢੋਲਤੇਇਸਤ੍ਰੀ ਜਾਨ ਕਾਮਾ ਬਿਨਾਂ ਤਾੜਿਆਂਦੇ ਸੂਤ ਆਉਣਾ ਕੀ।
ਡੂਮ ਨਕਲੀਆ ਕੰਜਰੀ ਔਰ ਨਾਚਾ ਏਹਨਾਂਸਭਾ ਦੇ ਵਿਚਸੰਗਾਉਣਾ ਕੀ।
ਜਰਮਨ ਜੇਹੇ ਹੰਕਾਰੀਆਂ ਰਾਜਿਆਂਦਾ ਫੈਦਾ ਏਸ ਜਹਾਨ ਤੇ ਆਉਣਾ ਕੀ।
ਨਾਮ ਰੱਬ ਦਾ ਬੋਲਕੇ ਹੌਲਦਾਰਾ ਛੱਡ ਬੈਂਤ ਨੂੰ ਹੋਰ ਵਧਾਉਣਾ ਕੀ।

## ਵਿਦਯਾ ਦੇ ਚਮਤਕਾਰ ਉਡਣੇ ਜਹਾਜ਼ ਤੇ ਹੋਰ ਜੰਗੀ ਸਮਾਨ

ਵੀਹਵੀਂਸਦੀਦਾ ਸਜਣੋਤੌਰ ਫਿਰਿਆ ਜਾਦੂਗਰੀ ਦੇ ਕੰਮਸਖਲਾਏ ਜਾਂਦੇ।
ਬਾਤਾਂ ਪਾਉਂਦੇ ਰਾਤਨੂੰ ਕੁੜੀ ਮੁੰਡੇ ਨਾਮ ਉਡਣ ਕਟੋਲੇ ਬਤਲਾਏ ਜਾਂਦੇ।

ਸਚ ਹੋਗਿਆ ਕਥਾ ਕਹਾਣੀਆਂਦਾ ਅੱਖੀ ਵੇਂਹਦਿਆਂ ਅਜ ਉਡਾਏ ਜਾਂਦੇ।
ਇਲਾਂ ਵਾਂਗ ਅਕਾਸ਼ ਦੇ ਵਿਚ ਭੌਂਦੇ ਉਤੇ ਉਡਕੇ ਬੰਬ ਚਲਾਏ ਜਾਂਦੇ।
ਕਈ ਉਡਦੇ ਲੈਕੇ ਮਸ਼ੀਨ ਗਨਾਂ ਤੇਜ ਪੌਣ ਦੇ ਸਾਥ ਰਲਾਏ ਜਾਂਦੇ।
ਬਲਿਹਾਰ ਜਾਈਏ ਏਸ ਵਿਦਯਾ ਦੇ ਮੰਗਲ ਵਿਦਯਾ ਦੇ ਅਜ ਗਾਏ ਜਾਂਦੇ।
ਪੈਹਲੇ ਤੀਰ ਕਮਾਣਾਂ ਤੇ ਬਰਛੀਆਂ ਦੇ ਖੰਡਾ ਤੇਗ ਦੇਜੁਧ ਕਰਵਾਏ ਜਾਂਦੇ।
ਚੱਕਰ ਬਰਛੀਆਂ ਗਦਾ ਤਰਸੂਲ ਹੁੰਦੇ ਮਹਾਭਾਰਤ ਗੁਵਾਹ ਬਣਾਏ ਜਾਂਦੇ।
ਅਰਜਨ ਭੀਮਤੇ ਨੁਕੁਲ ਸਹਦੇਵਜੇਹੇ ਕੁਸਤੀ ਬੰਨ੍ਹ ਮਦਾਨ ਲੜਾਏ ਜਾਂਦੇ।
ਫੇਰ ਹੋਈਆਂ ਮਾਮੂਲੀ ਮਸ਼ੀਨ ਤੋਪਾਂ ਨਾਲ ਬੱਤੀਆਂ ਤੋੜੇ ਦਗਾਏ ਜਾਂਦੇ।
ਵਾਹ ਵਾਹ ਨੀ ਵਿਦਯਾ ਭਾਗ ਭਰੀਏ ਅਜ ਤੇਰੇ ਮਕਾਨ ਸੁਹਾਏ ਜਾਂਦੇ।
ਇਕ ਆਦਮੀ ਫੌਜ ਨੂੰ ਕਰੇ ਕਾਬੂ ਐਸੇ ਵਿਦਯਾ ਦੇ ਗੀਤ ਗਾਏ ਜਾਂਦੇ।
ਫਿਰਨ ਕਿਸ਼ਤੀਆਂ ਵਿਚ ਸਮੁੰਦਰਾਂ ਦੇ ਹੁਨਰ ਮੋਰਚੇ ਵਿਚ ਦਿਖਾਏ ਜਾਂਦੇ।
ਉਡਨ ਕਲਾਂ ਹਵਾਈ ਜਹਾਜ਼ ਉਤੇ ਵਿਦਵਾਨਾਂ ਦੇ ਢੋਲ ਵਜਾਏ ਜਾਂਦੇ।
ਲੋਹਾ ਲਕੜੀ ਹਵਾ ਦੇ ਗੈਸ ਭਰਕੇ ਲਾਕੇ ਖੰਭ ਅਸਮਾਨ ਚੜ੍ਹਾਏ ਜਾਂਦੇ।
ਹੋਈ ਵਿਦਯਾ ਰੋਸ਼ਨੀ ਹੋਲਦਾਰਾ ਬਿਨਾਂ ਵਿਦਯਾ ਦੁਖ ਉਠਾਏ ਜਾਂਦੇ।

## ਵਿਦਯਾ ਦੀ ਰੌਣਕ॥ ਵਾਕ ਕਵੀਸ਼ਰ

ਬਾਝ ਵਿਦਯਾ ਇਲਮ ਦੇ ਆਦਮੀ ਕੀ ਦੇਖੋ ਵਿਦਯਾ ਬਾਝ ਖੁਆਰ ਹੁੰਦੇ।
ਜਿਥੇ ਵਿਦਯਾ ਨਹੀਂ ਪਰਵਾਹ ਕੋਈ ਰਾਜੇ ਵਿਦਯਾ ਦੇ ਤਾਬੇਦਾਰ ਹੁੰਦੇ।
ਭਾਰਤਵਰਸ਼ ਨੂੰ ਤਾਰਿਆ ਵਿਦਯਾ ਨੇ ਕਦੇ ਮੋਤੀਆਂ ਦੇ ਗਲੀ ਹਾਰ ਹੁੰਦੇ।
ਬਿਨਾਂ ਵਿਦਯਾ ਮੁਲ ਨਾ ਤਿੰਨ ਕਾਣੇ ਪਾਕੇ ਵਿਦਯਾ ਟਕੇ ਹਜ਼ਾਰ ਹੁੰਦੇ।
ਯੂਰਪ ਤਾਰ ਦਿਤਾ ਏਸ ਵਿਦਯਾ ਨੇ ਦੇਖੋ ਚੀਨ ਮਚੀਨ ਸੁਧਾਰ ਹੁੰਦੇ।
ਹਾਥੀ ਝੂਲਦੇ ਸੀ ਘਰੀਂ ਵਿਦਯਾ ਦੇ ਬਿਨਾ ਵਿਦਯਾ ਨੇਰ ਗੁਬਾਰ ਹੁੰਦੇ।
ਕਿਸਮਤ ਖੁਲ ਜਾਂਦੀ ਨਾਲ ਵਿਦਯਾ ਦੇ ਪਾਕੇ ਵਿਦਯਾ ਜੱਟ ਸਰਦਾਰ ਹੁੰਦੇ।
ਬਿਨਾਂ ਵਿਦਯਾ ਗੋਦੜੀ ਪੈਹਿਨਣੇ ਨੂੰ ਪਲੰਘ ਵਿਦਯਾ ਲਈ ਨਿਵਾਰ ਹੁੰਦੇ।
ਜੀ ਜੀ ਹੁੰਦੀ ਯਾਰੋ ਵਿਦਯਾ ਨੂੰ ਬਿਨਾ ਵਿਦਯਾ ਝਿੜਕ ਤਿਆਰ ਹੁੰਦੇ।
ਘੋੜੇ ਚਾਹੜ ਦਿੱਤੇ ਕੇਈ ਵਿਦਯਾ ਨੇ ਬਾਝ ਵਿਦਯਾ ਦੇ ਅਵਾਜ਼ਾਰ ਹੁੰਦੇ।
ਮਿਠੇ ਬੋਲ ਖੁਸ਼ਾਮਤਾਂ ਵਿਦਯਾ ਨੂੰ ਬਿਨਾਂ ਵਿਦਯਾ ਦੇ ਸਜ਼ਾਦਾਰ ਹੁੰਦੇ।
ਹੋਣ ਦੇਵਤੇ ਆਦਮੀ ਵਿਦਯਾ ਤੋਂ ਬਿਨਾ ਵਿਦਯਾ ਪੁਰਸ਼ ਗਵਾਰ ਹੁੰਦੇ।

ਬਾਝ ਵਿਦਯਾ ਪੁਛੀਏ ਬਾਤ ਨਾਹੀ ਪਾਕੇ ਵਿਦਯਾ ਨੂੰ ਠਾਣੇਦਾਰ ਹੁੰਦੇ।
ਲੈਕੇ ਬੈਠਦੀ ਵਿਦਯਾ ਕੁਰਸੀਆਂ ਤੇ ਯਾਰੋ ਵਿਦਯਾ ਨੂੰ ਜੈ ਜੈ ਕਾਰ ਹੁੰਦੇ।
ਫਿਰਦੀ ਵਿਦਯਾ ਵਿਚ ਸਮੁੰਦਰਾਂ ਦੇ ਪਏ ਪੰਖੀਆਂ ਨਾਲ ਰਫਤਾਰ ਹੁੰਦੇ।
ਬਿਨਾ ਤਾਰ ਦੇ ਵਿਦਯਾ ਕਰੇ ਗਲਾਂ ਪਾਕੇ ਵਿਦਯਾ ਮੂੜ ਹੁਸ਼ਿਆਰ ਹੁੰਦੇ।
ਪਈ ਦੌੜ ਦੀ ਵਿਦਯਾ ਬਿਨਾ ਬੈਲਾਂ ਕਈ ਲੱਖ ਹਜ਼ਾਰ ਮਨ ਭਾਰ ਹੁੰਦੇ।
ਚਾਹੇ ਕਰੇ ਸੋ ਵਿਦਯਾ ਹੌਲਦਾਰਾ ਬਿਨਾ ਵਿਦਯਾ ਨਹੀਂ ਉਧਾਰ ਹੁੰਦੇ।

### ਜੰਗਦਾ ਹੋਰ ਸ਼ਾਕਾ ਕਬਿੱਤ

ਉਨੀਂ ਸੌ ਅਠਾਰਾਂ ਸੰਨ ਚੜ੍ਹਿਆ ਕੈਹਰ ਵਾਲਾ ਮੱਚਿਆ ਫਰਾਂਸ ਵਿਚ ਭਾਰਾ ਉਧਮੂਲ ਜੀ। ਜਰਮਨਾਂ ਨੇ ਹਲਾ ਫੇਰ ਕੀਤਾ ਅਪਰੈਲ ਵਿਚ ਨਫਰੀ ਡਵੀਜ਼ਨਾਂ ਦੀ ਹੋਈ ਬੇਅਸੂਲ ਜੀ। ਤੋਪ ਤੇ ਮਸ਼ੀਨ ਗੀਨਾ ਬਬ ਦਾ ਹਿਸਾਬ ਨਾਹੀਂ ਪਲ ਪਲ ਘੜੀ ਘੜੀ ਵਰਤੇ ਨਜ਼ੂਲ ਜੀ। ਕੀੜੀਆਂ ਦੇ ਭੌਣ ਹੋਕੇ ਮਾਰੇ ਗਏ ਜੁਆਨ ਓਥੇ ਭੁਲ ਬੈਠੇ ਰਾਜੇ ਪ੍ਰਮਾਤਮਾਂ ਦੇ ਰੂਲ ਜੀ। ੧।

ਘਰ ਬਾਰ ਖੇਤੀਆਂ ਜਮੀਨਾਂ ਬਰਬਾਦ ਹੋਈਆਂ ਲੋਹਾ ਤੇ ਬਰੂਦ ਉਡ ਚਲਿਆ ਅਕਾਸ ਨੂੰ। ਤੀਵੀਆਂ ਤੇ ਬਚਿਆਂ ਦੇ ਹਾਲ ਬੁਰੇ ਹਾਲ ਹੋਏ ਕੋਈ ਨਾ ਉਠਾਵੇ ਓਥੇ ਆਦਮੀ ਦੀ ਲਾਸ ਨੂੰ। ਲਹੂ ਦੀਆਂ ਖਾਲੀਆਂ ਦੀ ਹੋਈ ਹੈ ਰੁਮਾਈ ਓਥੇ ਧੰਨ ਬਲਿਹਾਰ ਏਸ ਮੂਲਕ ਫਰਾਸ ਨੂੰ। ਕਰਦੇ ਰਿਹਾਈ ਹੁਣ ਬਖਸ਼ ਗੁਨਾਹ ਕਦੇ ਛੋਡਿਆ ਹੈ ਰਾਜਿਆਂ ਨੇ ਜੀਵਣੇ ਦੀ ਆਸ ਨੂੰ। ੨।

### ਕਵੀ ਦੀ ਪੁਕਾਰ

ਸੁਣੀ ਮੇਰੇ ਮਾਲਕਾ ਤੂੰ ਸੁਣੀ ਅਰਜੋਈ ਮੇਰੀ ਤੋੜ ਦੇਈਂ ਰੱਬਾ ਏਸ ਖੂੰਨੀ ਭਾਰੇ ਲਾਮ ਨੂੰ। ਤੇਰੇ ਹਥ ਜੋਰੀਆਂ ਨੇ ਤੇਰੇ ਹਥ ਡੋਰੀਆਂ ਨੇ ਤੂੰਹੀ ਗਲਾਂ ਤੋਰੀਆਂ ਨੇ ਕਰ ਬਸਰਾਮ ਨੂੰ। ਤੋਪ ਤੇ ਬੰਦੂਕ ਬੰਦ ਚਲਣੀ ਮਸ਼ੀਨ ਕਰ ਕਰਦੇ ਅਬਾਦ ਏਸ ਉਜੜੇ ਗਰਾਮ ਨੂੰ। ਤੂੰਹੀ ਬਖਸ਼ਿੰਦ ਹੈਂ ਦਹਿੰਦ ਹੈਂ ਗਰੀਬ ਤਾਂਈ ਬਸ ਕਰ ਹੁਣ ਕੁਜ ਕਰਦੇ ਅਰਾਮ ਨੂੰ। ੩।

ਤੇਰੇ ਬਿਨਾ ਕੋਈ ਨ ਸਹਾਈ ਏਸ ਦੁਨੀਆਂ ਦਾ ਤੇਰੇ ਬਿਨਾ ਕੋਈ ਏਥੇ ਜਿੱਤਿਆ ਨਾ ਹਾਰਿਆ। ਤੇਰੀਆਂ ਹੀ ਫੌਜਾਂ ਕੁਲ ਤੇਰੀ ਹੈ ਲੜਾਈ

ਸਾਰੀ ਯੂਰਪ ਤੇ ਏਸ਼ੀਆ ਨੂੰ ਤੁਧ ਨੇ ਬੰਗਾਰਿਆ । ਤੇਰੇ ਹਥਿਆਰ ਸਭ ਤੇਰਾ ਹੀ ਬਾਰੂਦ ਗੋਲੀ ਤੇਰਾ ਹੀ ਜਹਾਜ ਨਿੱਤ ਫਿਰਦਾ ਹੰਕਾਰਿਆ । ਮੁਕ ਜੇ ਫਸਾਦ ਅਜ ਤੇਰੇ ਪ੍ਰਤਾਪ ਨਾਲ ਦਾਸ ਮੈਂ ਗਰੀਬ ਤੇਰੇ ਦਰ ਤੇ ਪੁਕਾਰਿਆ । ੪ ।

## ਸ਼ਰੀਫ ਛੰਦ

ਉਨੀ ਸੌ ਅਠਾਰਾਂ ਸਨ ਭਾਰੇ ਪਾਪ ਦਾ। ਦੁਸ਼ਮਨ ਹੋਗਿਆ ਸੀ ਪੁਤ ਬਾਪ ਦਾ। ਮੁਲਕ ਫਰਾਂਸ ਚ ਹਨੇਰ ਛਾਗਿਆ। ਸ਼ਾਇਦ ਵੇਲਾ ਪ੍ਰਲੋ ਦਾ ਹੁਣੇ ਆਗਿਆ। ਤਾਕਤ ਦਖਾਈ ਜ਼ੋਰਦੀ ਜਰਮਨਾਂ। ਰੱਖੀ ਨਾਮ ਟੱਬਦੇ ਕੋਈ ਸ਼ਰਮ ਨਾ। ਐਸੀ ਲੰਬੀ ਰੈਂਜਦੀ ਬਨਾਈ ਤੋਪ ਰੇ। ਸੋਚਦੇ ਅਨੇਕ ਵਿਦਵਾਨ ਪੇਪਰੇ। ਪੰਝੱਤਰ ਮੀਲ ਦੂਰੀਆਂ ਤੇ ਗੋਲਾ ਫੱਟਿਆ। ਗਿਰਜਾ ਫਰਾਂਸ ਦਾ ਗਰਾਕੇ ਸੱਟਿਆ। ਸੋਚ ਦੇ ਤਮਾਮ ਲੋਕ ਏਸ ਗਲ ਨੂੰ। ਸ਼ਾਇਦ ਰਫਤਾਰ ਵਧੇ ਹੋਰ ਕਲ ਨੂੰ। ਕੋਈ ਕੋਈ ਆਖਦੇ ਬਰੂਦ ਸ਼ਗਤੀ। ਕੋਈ ਕਹੇ ਬਿਜਲੀ ਦੇ ਨਾਲ ਦਗਤੀ। ਤੋਪਦ ਤਜਰਬੇ ਲੌਣ ਵਿਦਵਾਨ ਜੀ। ਰੱਖਿਆ ਫਰਾਂਸ ਤੇ ਪੂਰਾ ਨਸ਼ਾਨ ਜੀ। ਐਸੀ ਕੂੜਾਈ ਦੁਨੀਆਂ ਤੇ ਆਈ ਜੇ। ਰੱਬ ਤਕਦੀਰ ਨਾ ਕਿਸੇ ਮਟਾਈ ਜੇ। ਹੋਈ ਹੈ ਕਰੋਪੀ ਯਾਰੋ ਵਿਚ ਦੁਨੀਆਂ । ਦਿਸਣ ਕਚੈਹਰੀਆਂ ਅਨੇਕਾਂ ਸੁੰਨੀਆਂ। ਹੱਛਾ ਮੇਰੇ ਮਾਲਕਾ ਜੋ ਤੈਨੂੰ ਭਾਉਂਦੀ । ਕਰਦਾ ਹੈਂ ਸੋਈ ਜੇਹੜੀ ਦਿਲ ਆਉਂਦੀ। ਪੁਟ ਬਰਬਾਦੀਆਂ ਹਜ਼ਾਰਾਂ ਕੀਤੀਆਂ। ਘੜੀਆਂ ਖਰਾਬ ਸੂਰਿਆਂ ਤੇ ਬੀਤੀਆਂ। ਦੰਮ ਰਾਜੇ ਰਾਣਿਆਂ ਦੇ ਗਏ ਟੁਟ ਜੀ। ਰਿਆਸਤਾਂ ਵਿਚਾਰੀਆਂ ਨੂੰ ਪੈਗਈ ਲੁਟ ਜੀ । ਜਿਥੇ ਫੌਜਾਂ ਲੱਥੀਆਂ ਹਜ਼ਾਰਾਂ ਦਲ ਸੀ। ਹੋਗਏ ਮਦਾਨ ਖਾਲੀ ਲਗੇ ਪਲ ਸੀ। ਦੁਨੀਆਂ ਦੇ ਤਖਤੇ ਨੂੰ ਭੀੜਾਂ ਪੈਗੀਆਂ । ਵੈਹਕੇ ਪਹਾੜੀਆਂ ਪਤਾਲ ਬੈਹਗੀਆਂ। ਆਦਮੀ ਦੀ ਨਫਰੀ ਨੇ ਫਤੇ ਬੋਲੀ ਹੈ। ਬਚ ਗਈ ਜਨਾਂਨੀ ਕਮਜ਼ੋਰ ਟੋਲੀ ਹੈ। ਦੱਸੀਏ ਲੜਾਈ ਦੇਖੀ ਸਮਾਚਾਰ ਜੀ । ਏਸ਼ੀਆ ਤੇ ਯੂਰਪ ਲੰਘਾਏ ਪਾਰ ਜੀ। ਹੌਲਦਾਰਾ ਕਵੀਆ ਤੂੰ ਬੋਲ ਰਾਮ ਨੂੰ। ਚਲਣਾ ਅਖੀਰ ਹੈ ਪਜ਼ਾਰੇ ਧਾਮ ਨੂੰ।

--0--

## ਵਾਕ ਕਵੀਸ਼ਰ । ਬੈਂਤ

ਚਾਰਸਾਲਦਾਸ਼ੁਰੂਜਾਂਜੰਗਹੋਇਆ ਯੂਰਪ ਏਸ਼ੀਆ ਐਕੜਾਂ ਝੱਲੀਆਂ ਹਨ ।
ਹਾਹਾਕਾਰ ਮਚੀ ਸਾਰੇਦੇਸ ਉਤੇ ਬਾਕੀ ਰੈਹਗੀਆਂ ਨਹੀਂ ਤਸੱਲੀਆਂ ਹਨ ।
ਘਟੇ ਆਦਮੀ ਕਈ ਕਰੋੜ ਯਾਰੋ ਕੱਢ ਦਿਤੀਆਂ ਸਾਰੀਆਂਧੱਲੀਆਂ ਹਨ ।
ਇਕ ਜੰਗਬੀਮਾਰੀਦਾ ਕੈਹਰਦੂਜਾ ਤੀਜਾਕਾਲਨਸ਼ਾਨੀਆਂ ਘੱਲੀਆਂ ਹਨ ।
ਚੌਥਾ ਨਿਰਖ ਅਨਾਜਤੇ ਕਪੜੇਦਾ ਦੌਲਤਵੰਦੀਆਂਜੜਾਂ ਤੋਂ ਹੱਲੀਆਂ ਹਨ ।
ਔਖੇ ਹੋਏ ਮਸਕੀਨ ਖੁਦਾਈ ਬੰਦੇ ਕਈ ਭੁਖੀਆਂ ਬੈਠੀਆਂ ਕਲੀਆਂ ਹਨ।
ਮਰਗਏ ਲਾੜੇ ਜਿਨਾਂ ਬੀਵੀਆਂਦੇ ਉਹ ਰੋਂਦੀਆਂਕਿਸੇਨਾ ਠੱਲੀਆਂ ਹਨ ।
ਪਰਜਾਦੁਖੀ ਹੋਈ ਰੋਈਨੈਣ ਭਰਕੇ ਕੈਂਹਦੇਵਜੀਆਂਆਖਰੀਟੱਲੀਆਂ ਹਨ ।
ਐਸੇ ਵਾਹਿਗੁਰੂ ਅਜ ਕਰੋਪ ਹੋਏ ਖਾਨਦਾਨੀਆਂਖਾਕ ਵਿਚ ਰੱਲੀਆਂ ਹਨ ।
ਕੋਈ ਕਹੇ ਅਖੀਰ ਦਾ ਮਾਮਲਾ ਹੈ ਕੋਈ ਕਹੇ ਉਥੱਲ ਪਥੱਲੀਆਂ ਹਨ ।
ਕੋਈ ਕਹੇ ਲੜਾਈਨੀ ਹੈ ਪਰਲੋ ਅਠਾਰਾਂ ਐਂਚੀਆਂਗਜਕੇਚੱਲੀਆਂ ਹਨ ।
ਵੱਸਜਮਾਂਦੇ ਪੈਣੀਆਂ ਹੌਲਦਾਰਾ ਮੁਫਤ ਬੰਦਗੀ ਬਿਨਾ ਜੋ ਪੱਲੀਆਂ ਹਨ ।

## ਆਮ ਦੁਨੀਆਂ ਦੀ ਪੁਕਾਰ

ਦੁਖੀ ਹੋਈ ਲੜਾਈ ਤੋਂ ਕੁਲ ਦੁਨੀਆਂ ਪਏ ਪੀਰ ਫਕੀਰ ਮਨਾਣ ਲੱਗੇ ।
ਹਿੰਦੂ ਕੈਹਨ ਗਨੇਸ਼ ਜੀ ਕਰੋ ਕ੍ਰਿਪਾ ਪੁਤਰ ਸ਼ਿਵਾਂ ਦੇ ਆਦ ਮਨਾਣ ਲੱਗੇ ।
ਰਾਮਚੰਦਰ ਜੀ ਤੇਰੀ ਹੀ ਜੈ ਹੋਵੇ ਸੁਲਾ ਕਰੋ ਹੁਣ ਅਸੀਂ ਘਬਰਾਣ ਲੱਗੇ ।
ਹਿੰਗ ਲਾਜ ਤੇ ਕਾਂਗੜੇ ਨੈਣਾ ਦੇਵੀ ਚਿੰਤ ਪੁਰਨੀਏ ਜੋਤ ਜਗਾਣ ਲੱਗੇ ।
ਕ੍ਰਿਸ਼ਨ ਰਾਧਕਾਂ ਸੁਲਾ ਕਰਾਓ ਜਲਦੀਭੈਰੋਂ ਕਾਲੀਏ ਵਾਸਤੇ ਪਾਣ ਲੱਗੇ ।
ਮੁਸਲਮਾਨ ਖੁਦਾਇ ਨੂੰ ਯਾਦ ਕਰਦੇ ਮਸਜਦਜਾਇਕੇ ਸੀਸਨਿਵਾਣ ਲੱਗੇ ।
ਮੌਲਾ ਪਾਕ ਕਰੀਮ ਮੁਹੱਮਦ ਯਾਦ ਆਈ ਈਦ ਨੂੰ ਪੜ੍ਹਨ ਕੁਰਾਣ ਲੱਗੇ।
ਕਿਆਮਤਆਈ ਜੇ ਨਬੀਰਸੂਲਲਿਲਾ ਸੁਲਾਕਰੀਹੁਣਦੋਜ਼ਕੀਂਜਾਣਲੱਗੇ ।
ਸਿਖ ਕੈਹਣ ਹੇ ਵਾਹਿਗੁਰੂ ਕਰਨ ਕਾਰਨ ਦੋਨੋਜੋੜਕੇਅਰਜ ਸੁਨਾਣ ਲੱਗੇ ।
ਨਾਨਕ ਸਾਹਿਬਜੀ ਗੁਰੂ ਜਗੱਤ ਵਾਲੀ ਹਾਜ਼ਰ ਨਾਜ਼ਰ ਗ੍ਰੰਥ ਪੜ੍ਹਾਣ ਲੱਗੇ ।
ਸੁਲਾਕਰੀਂ ਪ੍ਰਮਾਤਮਾਂ ਦੁਨੀ ਔਖੀ ਤੇਰੇ ਨਾਮ ਦੇਕਰਨ ਇਸ਼ਨਾਨ ਲੱਗੇ।
ਬੱਸ ਹੋਵੇ ਅਰਦਾਸ ਮਨਜ਼ੂਰ ਸਾਡੀ ਤੇਰੇ ਸਿੱਖ ਪਰਸ਼ਾਦ ਵਰਤਾਣ ਲੱਗੇ।
ਏਸੇ ਤਰਾਂ ਹੀ ਯੂਰਪ ਦੇ ਸਭ ਹਿਸੇ ਸੁਲਾ ਵਾਸਤੇ ਵਾਸਤੇ ਪਾਣ ਲੱਗੇ ।

ਬੈਂਕਸ ਗਾਡਸਟੱਪਬਲੱਡੀ ਫੈਟਿੰਗ ਬੋਲਨ ਆਪਣੀ ਸਭ ਜੁਬਾਨ ਲੱਗੇ।
ਬਾਕੀ ਰਹੀ ਨਾ ਕਿਸੇ ਦੀ ਹੋਲਦਾਰਾ ਵੇੜ ਜੰਗ ਨੂੰ ਅਜ ਪਛਤਾਣ ਲੱਗੇ।

ਤਥਾ

ਸੁਲਾ ਸੁਲਾ ਹੀ ਮੰਗਦੇ ਸੁਲਾ ਸਾਰੇ ਹੁਕਮ ਰੱਬ ਦੇ ਨਾਲ ਸਫਾਈ ਹੋਵੇ।
ਜਿਤ ਹਾਰਦੀ ਨਹੀਂ ਉਮੈਦ ਕੋਈ ਕੇਂਹਦੇ ਜੰਗਦੀ ਢਾਈ ਮਦਾਈ ਹੋਵੇ।
ਕੋਈ ਕਹੇ ਸੁਲਤਾਨ ਦਾ ਰੋਟ ਦੇਊਂ ਕੋਈ ਕਹੇ ਜੇ ਪੀਰ ਸਹਾਈ ਹੋਵੇ।
ਕੋਈ ਮਿੱਟੀ ਛਪਾਰ ਦੀ ਸੁਖ ਬੈਠੀ ਰੰਡੀ ਚੰਦਰੀ ਕਿਵੇਂ ਲੜਾਈ ਹੋਵੇ।
ਕੋਈ ਕਹੇ ਨਗਾਹੇ ਦਾ ਪੀਰ ਮੰਨੋ ਜੰਗ ਚੰਦਰੇ ਵਿਚ ਰਿਹਾਈ ਹੋਵੇ।
ਕੋਈ ਸੁਖਣਾ ਸੁਖ ਦੇ ਗੁਰੂ ਕਿਆਂ ਦੀ ਹਨੂਮਾਨ ਦਾ ਕੋਈ ਗਦਾਈ ਹੋਵੇ।
ਕੋਈ ਕਰੇ ਉਪਾਸਨਾਬੀਵੜੀਆਂ ਦੀ ਕੋਈ ਕਹੇ ਜੇ ਮੀਆਂ ਮਨਾਂਈ ਹੋਵੇ।
ਕੋਈ ਕਹੇ ਪ੍ਰਮਾਤਮਾ ਸਾਰਿਆਂ ਦਾ ਦੁਆਰੇ ਓਸ ਦੇ ਸਚ ਦੁਹਾਈ ਹੋਵੇ।
ਏਥੇ ਪੀਰ ਫਕੀਰ ਮਨਾਉਣੇ ਕੀ ਵਾਹਿਗੁਰੂ ਦੇ ਅਗੇ ਸੁਣਾਈ ਹੋਵੇ।
ਲੱਗੇ ਸੰਤ ਮਹੰਤ ਅਰਦਾਸ ਕਰਨੇ ਗਲ ਪੱਲੂ ਤੇ ਮੂੰਹ ਵਿਚ ਘਾਈ ਹੋਵੇ।
ਸ਼ਰਨ ਪਏ ਹਾਂ ਬੰਦ ਖਲਾਸ ਕਰਨੀ ਪ੍ਰਿਤਪਾਲਕਾ ਦੂਰ ਗਰਮਾਈ ਹੋਵੇ।

ਦੁਨੀਆਂ ਦਾਰਾਂ ਦੀ ਦੂਸਰੀ ਫਰਿਆਦ ਅਗੇ ਵਾਹਿਗੁਰੂ ਦੇ

ਤੂੰ ਬੇਅੰਤ ਬੇਅੰਤ ਕਰਤਾਰ ਸੁਆਮੀ ਬੇੜੇ ਪਾਰ ਜਹਾਨ ਦੇ ਲਾਉਂਦਾ ਤੂੰ।
ਤੇਰੇ ਅਗੇ ਫਰਿਆਦ ਫਰਿਆਦ ਸਾਡੀ ਨੰਗੇਭੁਖਿਆਂਰੋਜੀ ਪੁਚਾਉਂਦਾ ਤੂੰ।
ਤੇਰੇ ਹੱਥ ਲੜਾਈ ਤੇ ਸੁਲਹਾ ਦੋਵੇਂ ਸਾਨੂੰ ਬਾਜੀਆਂ ਜਾਨ ਖਡਾਉਂਦਾ ਤੂੰ।
ਜਾਗਰਤ ਸੁਪਨਸਖੋਪਤੀਵਿਚਤੁਰੀਆ ਆਪੇਧਜਾਨ ਸਮਾਧਲਗਾਉਂਦਾ ਤੂੰ।
ਕਦੇ ਏਕ ਤੇ ਕਦੇ ਅਨੇਕ ਹੁੰਦਾ ਰਜੋ ਤਮੋ ਸਤੋ ਇਕ ਸਦਾਉਂਦਾ ਤੂੰ।
ਚਾਰੇ ਖਾਣੀਆਂ ਬਾਣੀਆਂ ਜੁਗ ਚਾਰੇ ਚਾਰ ਵੇਦ ਕਾ ਰੂਪ ਕਹਾਉਂਦਾ ਤੂੰ।
ਚਾਰ ਕੂੰਟ ਤੇ ਚਾਰ ਆਸ਼ਰਮ ਅੰਦਰ ਸੈਂਨਾ ਚਾਰਦੀ ਤੇਜ਼ ਉਠਾਉਂਦਾ ਤੂੰ।
ਤੀਨੋਂ ਕਾਲਅਕਾਸ਼ਪਤਾਲ ਧਰਤੀ ਸਾਗਰ ਪਰਬਤਾਂ ਵਿਚ ਸੁਹਾਉਂਦਾ ਤੂੰ।
ਚੀਟੀ ਹਸਤੀਆਂ ਵਿਚ ਨਵਾਸ ਤੇਰਾ ਪਰਲੋ ਉਤਪਤੀ ਵਿਚਸਮਾਉਂਦਾ ਤੂੰ।
ਪੰਜ ਤੱਤ ਪ੍ਰਕ੍ਰਿਤੀਆਂ ਰੂਪ ਤੇਰਾ ਦਸੇ ਇੰਦਰੇ ਭੋਗ ਭੁਗਾਉਂਦਾ ਤੂੰ।
ਮਨ ਬੁਧ ਤੇ ਚਿੱਤ ਹੰਕਾਰ ਤੂੰਹੀਏ ਮੁਰਲੀ ਸਾਰਿਆਂ ਵਿਚ ਵਜਾਉਂਦਾ ਤੂੰ।
ਕਦੇ ਯੂਰਪ ਤੇ ਏਸ਼ੀਆ ਜੁਦਾ ਕੀਤੇ ਕਦੇ ਸਭ ਨੂੰ ਮੇਲ ਮਲਾਉਂਦਾ ਤੂੰ।

ਕਦੇਜਰਮਨੀ ਅਸਟਰੀਹੰਗਰੀ ਦਾ ਕਦੇ ਤੁਰਕ ਦਾ ਭੇਸ ਬਦਲਾਉਂਦਾ ਤੂੰ।
ਇਟਲੀਸਰਵੀਆਕਦੇਰੁਮਾਨੀਆਂ ਹੋ ਜਾਰਜ ਹੂਪਹੋਲੰਡ ਵਰਤਾਉਂਦਾ ਤੂੰ।
ਕਦੇ ਬੋਲ ਪਰੇਮ ਦੇ ਵਾਕ ਮਿੱਠੇ ਕਦੇ ਬੰਬ ਮਸ਼ੀਨ ਦਲਾਉਂਦਾ ਤੂੰ।
ਮੇਰੇਮਾਲਕਾਸੁਣੀਫਰਜਾਦ ਸਾਡੀ ਕਿਉਂਨੀ ਜੰਗਦੀ ਸੁਲਾਕਰਵਾਉਂਦਾ ਤੂੰ।
ਕਟੋ ਏਸ ਕਲੇਸ਼ ਨੂੰ ਅੱਜ ਬਾਬਾ ਦੀਨ ਦੁਨੀ ਰਖਵਾਲ ਸਦਾਉਂਦਾ ਤੂੰ।
ਕੈਰੋਂ ਪਾਂਡਵਾਂ ਜੈਸਿਆਂ ਲੜਦਿਆਂ ਨੂੰ ਦੇਕੇ ਆਪਣਾ ਜੋਰ ਹਟਾਉਂਦਾ ਤੂੰ।
ਰੱਬਾ ਦੁਖ ਅਸਾਡੜੇ ਦੂਰ ਕਰਦੇ ਕਾਹਨੂੰ ਆਪਣੀ ਰੱਚੀ ਘਟਾਉਂਦਾ ਤੂੰ।
ਹੋਵੇ ਅਰਜ਼ ਮਨਜੂਰ ਦਰਬਾਰ ਤੇਰੇ ਦਰਨੀਲਗਿਆਂ ਆਸਪੁਜਾਉਂਦਾ ਤੂੰ।
ਹੋਰ ਕੋਈ ਨਾ ਮਾਨ ਨਮਾਣਿਆਂ ਦਾ ਬੂਹੇਡਿਗਿਆਂ ਪਕੜਉਠਾਉਂਦਾ ਤੂੰ।
ਦੇਵੀ ਦੇਵਤੇ ਮੰਨ ਗਨੇਸ਼ ਬੈਠੇ ਸਚ ਖੰਡ ਦਾ ਰਾਜ ਕਮਾਉਂਦਾ ਤੂੰ।
ਵਿਛੜ ਗਏ ਦਿਲਦਾਰ ਅਨੇਕ ਸਾਡੇ ਰੱਬਾ ਹੋਰਕੀ ਦੁਖ ਵਖਾਉਂਦਾ ਤੂੰ।
ਹੋਈਆਂ ਰੰਡ ਸੁਹਾਗਣਾ ਮਰੇ ਪੁਤਰ ਕਾਹ ਨੂੰਹੋਰ ਲੜਾਈ ਵਧਾਉਂਦਾ ਤੂੰ।
ਹਾੜੇ ਵਾਸਤੇ ਵਾਸਤੇ ਸੂਲਾ ਹੋਵੇ ਰੱਬਾ ਕਾਸ ਨੂੰ ਹੋਰ ਤਰਸਾਉਂਦਾ ਤੂੰ।
ਕੂਕਾਂ ਤੇਰੇ ਦੁਆਰੇ ਤੇ ਸਾਡੀਆਂ ਜੇ ਕਿਉਂਕਿ ਰਾਮ ਰਹੀਮ ਸਦਾਉਂਦਾ ਤੂੰ।
ਸ਼ਰਨ ਪਿਆਂ ਦੀ ਰੱਖਦੇ ਹੋਲਦਾਰਾ ਮੋਹ ਭਰਮ ਦੇ ਜਾਲ ਕਟਾਉਂਦਾ ਤੂੰ।

## ਕੁਲ ਦੁਨੀਆਂ ਦੀ ਫਰਿਆਦ

### ਵਾਹਿਗੁਰੂ ਦੇ ਘਰ ਮਨਜ਼ੂਰ ਹੋਣੀ। ਵਾਕ ਕਵੀਸ਼ਰ

ਅਰਜ ਸੁਣੀ ਦੁਆਰੇ ਪ੍ਰਮਾਤਮਾਂ ਦੇ ਜੇਹੜਾ ਬੰਧ ਖਲਾਸੀਦੇ ਕਰਨ ਵਾਲਾ।
ਰੱਛਕ ਬਾਲ ਗੁਪਾਲ ਕ੍ਰਿਪਾਲ ਮਾਧੋ ਜਾਤਪਾਤ ਨਾ ਬਰਨਅਬਰਨ ਵਾਲਾ।
ਤੀਨੋ ਕਾਲ ਅਬਾਧ ਸਰੂਪਜੋਤੀ ਦੁਖ ਭਗਤ ਪ੍ਰਹਿਲਾਦ ਦੇ ਹਰਨ ਵਾਲਾ।
ਗਜ ਗ੍ਰਸੇ ਨੂੰ ਪਾਰ ਉਤਾਰ ਕੀਤਾ ਨੰਗੇ ਭੁਖਿਆਂ ਦੇ ਪੇਟ ਭਰਨ ਵਾਲਾ।
ਲਾਜ ਰੱਖੀ ਦਰੋਪਤੀ ਕੰਨਜਾਂ ਦੀ ਅੱਜਾ ਮਲ ਜੇਹੇ ਲੈਣ ਸ਼ਰਨ ਵਾਲਾ।
ਮੀਰਾਂ ਬਾਈ ਦੀ ਖਿਚੜੀਖਾਣਵਾਲਾ ਨਹੀਂ ਜੂਨੀਆਂ ਧਾਰਕੇਮਰਨਵਾਲਾ।
ਜੀਹਨੇ ਕੁਬਜ ਕੁਰੂਪ ਨੂੰ ਮਾਨ ਦਿਤੇ ਹਰਨਾਕਸ਼ ਹੰਕਾਰੀ ਨੂੰ ਹਰਨ ਵਾਲਾ।
ਮੱਛ ਕੱਛ ਤੇ ਮੋਰ ਚਕੋਰ ਤਾਈਂ ਅਗੇ ਕੀੜਿਆਂ ਦੇ ਰੋਜੀ ਧਰਨ ਵਾਲਾ।
ਦਾਤਾ ਮੰਗਤਾ ਆਪ ਸਦਾਣ ਵਾਲਾ ਮਿਠੇ ਕੌੜ ਬਿਲਾਸ ਦੇ ਜਰਨ ਵਾਲਾ।
ਖਾਲਕਖਲਕਹੇਖਲਕਦੇ ਵਿਚ ਖਾਲਕ ਵਾਹਿਗੁਰੂ ਜੋਸੱਚਦੇ ਪਰਨ ਵਾਲਾ।

ਅਰਜ ਹੋਈ ਮਨਜ਼ੂਰ ਦਰਬਾਰ ਸੱਚੇ ਚੜ੍ਹਿਆ ਮਾਹ ਦਸੰਬਰ ਦਾ ਠਰਨ ਵਾਲਾ।
ਸਨ ਉਨੀ ਅਠਾਰਾਂ ਵਿਚ 'ਸੁਲਹ' ਹੋਈ ਨੰਦ ਸਿੰਘ ਕਤਾਬ ਉਚਰਨ ਵਾਲਾ।

## ਬਲਗੇਰੀਆ ਨੇ ਹਥਿਆਰ ਰਖ ਦੇਣੇ

ਕਬਿਤ—ਆਈ ਸੁਲਹ ਵਾਲੀ ਤਾਰ ਦਿਤੇ ਰਖ ਹਥਿਆਰ ਬਲ-ਗੇਰੀਆ ਤਿਆਰ ਕਹੇ ਜੰਗ ਨੂੰ ਹਟਾ ਦਿਓ। ਬੰਦ ਕਰੀ ਮੈਂ ਲੜਾਈ ਥੋਨੂੰ ਖਬਰ ਪੁਚਾਈ ਅਗੇ ਵਾਸਤੇ ਸਫਾਈ 'ਨਾਮੇ ਅਹਿਦ' ਕਰਵਾ ਦਿਓ। ਮੁਕ ਜਾਣ ਝੇੜੇ ਦੁਖ ਭਰਦੇ ਹੈ ਬੇੜੇ ਅਜ ਲਗਿਆ ਮੈਂ ਨੇੜੇ ਵੈਰ ਪਿਛਲੇ ਗਵਾ ਦਿਓ। ਰੂਲ ਮਨਜ਼ੂਰ ਹੈਨ ਜੰਗ ਦੇ ਜਰੂਰ ਸਾਰੇ ਨਫਾ ਨੁਕਸਾਨ ਮੇਰੀ ਨਫਰੀ ਤੇ ਪਾ ਦਿਓ।੧।

ਹਫਤੇ ਦੇ ਬਾਦ ਹੋਈ ਪੂਰਨ ਮੁਰਾਦ ਯਾਰੋ ਕੁਸਤੁਨਤੁਨੀਆਂ ਦੇ ਵਿਚੋਂ ਤਾਰ ਆਈ ਸੀ। ਸੁਲਾ ਹੋਈ ਇਕਦਮ ਮਿਟੇ ਦੁਨੀਆਂ ਦੇ ਗਮ ਨਾਲੇ ਖੁਸ਼ ਹੂਏ ਹਮ ਤਾਂਹੀ ਕਵਿਤਾ ਬਣਾਈ ਸੀ। ਫਿਰ ਗਈਆਂ ਚਿਠੀਆਂ ਜੋ ਖੰਡ ਕੋਲੋਂ ਮਿਠੀਆਂ ਸੀ ਸੂਬਿਆਂ ਦੇ ਨਾਲ ਹੋਈ ਜੰਗ ਦੀ ਸਫਾਈ ਸੀ। ਖੁਸ਼ੀ ਹੋਏ ਜੰਗੀ ਲਾਟ ਅਜ ਹੋਈ ਮੁਲਾਕਾਤ ਕਹੇ ਨੰਦ ਸਿੰਘ ਬਾਦਸ਼ਾਹਾਂ ਨੂੰ ਵਧਾਈ ਸੀ।੨।

ਆਸਟਰੀ ਤੇ ਹੰਗਰੀ ਨੇ ਸੁਲਾ ਮਨਜੂਰ ਕੀਤੀ ਦਸਖਤ ਕਰ ਵਲ ਘਲਿਆ ਏ ਜਰਮਨਾਂ। ਰੂਲ ਮਨਜੂਰ ਕਰ ਰਖ ਹਥਿਆਰ ਤੂੰ ਭੀ ਕਰਨੀ ਲੜਾਈ ਹੁਣ ਆਪਣਾ ਧਰਮ ਨਾਂ। ਸੁਲਾ ਮਨਜੂਰ ਹੋਈ ਦੁਨੀਆਂ ਦੇ ਰਾਜਿਆਂ ਦੀ ਕਰਦੇ ਸਫਾਈ ਕੋਈ ਰਖਣਾ ਭਰਮ ਨਾ। ਜਰਮਨੀ ਦੀ ਤਾਰ ਅਜ ਆਈ ਕਵੀ ਹੌਲਦਾਰਾ ਠੰਢੇ ਹਥਿਆਰ ਅਗੇ ਵਾਸਤੇ ਗਰਮ ਨਾਂ।੩।

ਝੰਡੀਆਂ ਸੁਫੈਦ ਸਾਰੇ ਲੱਗੀਆਂ ਮਦਾਨ ਵਿਚ ਥਾਓਂ ਥਾਈਂ ਰਾਜਿਆਂ ਦੇ ਬੈਠੀਆਂ ਕਮੇਟੀਆਂ। ਬੇੜਿਆਂ ਦੇ ਵਿਚ ਅਜ ਖੁਸ਼ੀਆਂ ਅਨੇਕ ਯਾਰੋ ਹੋਈ ਹੈ ਸਫਾਈ ਮਿਟ ਜਾਣ ਅਲਸੇਟੀਆਂ। ਰਾਜਿਆਂ ਦੇ ਵੈਰ ਮਿਟ ਗਏ ਇਕ ਪਲ ਵਿਚ ਝਲੀਆਂ ਅਨੇਕਾਂ ਚਾਰ ਸਾਲ ਵਿਚ ਫੇਟੀਆਂ। ਸ਼ੁਕਰ ਹਜ਼ਾਰ ਅਜ ਤੇਰਾ ਕਰਤਾਰ ਮੇਰੇ ਸਿਰਾਂ ਦੀਆਂ ਬਾਜੀਆਂ ਜਹਾਨ ਉਤੋਂ ਸੇਟੀਆਂ।੪।

ਛੌਣੀ ਅਤੇ ਮੋਰਚੇ ਦੀ ਲੈਣ ਨੂੰ ਵਧਾਈ ਹੋਈ ਸ਼ੈਹਰਾਂ ਤੇ ਬਾਜ਼ਾਰਾਂ ਵਿਚ ਰੌਣਕਾਂ ਬਣਾਈਆਂ। ਮੁਫਤ ਸ਼ਰਾਬ ਦਿਤੀ ਬੇੜਿਆਂ ਡਵੀਜ਼ਨਾਂ ਨੂੰ, ਖੁਸ਼ੀਆਂ ਦੇ ਨਾਲ ਯਾਰੋ ਚਲੀਆਂ ਹਵਾਈਆਂ। ਖੁਸ਼ਕੀ ਸਮੁੰਦਰਾਂ ਦੇ ਵਿਚ ਮੁਲਾਕਾਤ ਹੋਈ ਦਫਤ੍ਰਾਂ ਤੇ ਹੋਟਲਾਂ ਦੇ ਵਿਚ ਰੁਸ਼ਨਾਈਆਂ। ਝੰਡੇ ਚੜ੍ਹੇ ਖੁਸ਼ੀ ਦੇ ਬਾਜ਼ਾਰਾਂ ਵਿਚ ਹੌਲਦਾਰਾ ਸਾਰੀ ਸਾਰੀ ਰਾਤ ਅਸਤਬਾਜੀਆਂ ਚਲਾਈਆਂ। ੫।

### ਸ਼ਰੀਫ਼ ਛੰਦ

ਸੁਲਹ ਦੀਆਂ ਖੁਸ਼ੀਆਂ ਮਨਾਈਆਂ ਰੱਜਕੇ। ਬੈਠੇ ਦੁਖ ਪਿਛਲੇ ਤਮਾਮ ਤੱਜਕੇ। ਸ਼ੁਕਰ ਹਜ਼ਾਰ ਯਾਰੋ ਅਜ ਰਬਦੇ। ਕੁਸ਼ਲ ਅਨੰਦ ਹੋਈ ਦਿਲ ਸਭਦੇ। ਚੰਦਰੀ ਲੜਾਈ ਦਾ ਫਸਾਦ ਮੁਕਿਆ। ਦੁਨੀਆਂ ਦਾ ਪਿਆ ਸੀ ਸੁਆਸ ਰੁਕਿਆ। ਫੌਜੀਆਂ ਦੇ ਸਿਰਾਂ ਉਤੋਂ ਲੱਥੇ ਭਾਰ ਜੀ। ਧੰਨਵਾਦ ਰਬਦਾ ਕਰੋ ਹਜ਼ਾਰ ਜੀ। ਦੇਸ ਦੇਸ ਪਿੰਡ ਪਿੰਡ ਘਰੀਂ ਸ਼ਾਦੀਆਂ। ਛੇਤੀ ਪ੍ਰਮਾਤਮਾਂ ਕਰੂ ਅਬਾਦੀਆਂ। ਹਟ ਗਈ ਲੜਾਈ ਹੁਣ ਕੋਈ ਗੰਮ ਨਾ। ਮੋਰਚੇ ਦੇ ਵਿਚ ਫਟ ਜਾਣੇ ਬੰਮ ਨਾ। ਜੰਗੀਆਂਨੇ ਸਜਣੋਂ ਅਰਾਮ ਕਰਿਆ। ਗੋਲੀ ਗਠਾ ਖੋਲਕੇ ਕਨਾਰੇ ਧਰਿਆ। ਸੁਲਹ ਹੋਈ ਸੁਣਕੇ ਖੁਸ਼ੀ ਮਨਾਈ ਹੈ। ਪਰ ਲੀਲ੍ਹਾ ਰਬ ਦੀ ਨਾ ਕਿਸੇ ਪਾਈ ਹੈ। ਆਦਮੀ ਦਲੀਲਾਂ ਨਿਤ ਕਰੇ ਹੋਰ ਜੀ। ਪਰ ਭਾਵੀ ਰੱਬ ਦੀ ਦਖਾਵੇ ਜ਼ੋਰ ਜੀ। ਬੰਦਾ ਕਹੇ ਉਡ ਅਸਮਾਨ ਚਲੀਏ। ਰਬ ਤਕਦੀਰ ਕਹੇ ਕਾਹਨੂੰ ਹਲੀਏ। ਬੰਦਾ ਨਿਤ ਜੀਵਣ ਦੀ ਕਰੇ ਆਸ ਜੀ। ਰਹੇ ਤਕਦੀਰ ਯਾਰੋ ਆਸ ਪਾਸ ਜੀ। ਜਿਸ ਦਿਨ ਸੁਲਹਦੀਆਂ ਤਾਰਾਂ ਫਿਰੀਆਂ। ਹੋਰ ਤਕਦੀਰਾਂ ਅਜ ਆਕੇ ਗਿਰੀਆਂ। ਹਟ ਗਈ ਲੜਾਈ ਦੀ ਵਧਾਈ ਦੇਸ ਨੂੰ। ਆਈ ਮੌਤ ਚੰਦਰੀ ਬਦਲ ਭੇਸ ਨੂੰ। ਤਾਪ ਦੀ ਬੀਮਾਰੀ ਆਈ ਨਵੇਂ ਢੰਗ ਦੀ। ਏਹ ਭੀ ਗੋਲੀ ਵਾਂਗ ਛੇਤੀ ਮੌਤ ਮੰਗਦੀ। ਸੁਲਹ ਦਾ ਨਸ਼ਾਨ ਜਿਸ ਵੇਲੇ ਝੁਲਿਆ। ਓਸੇ ਵੇਲੇ ਚੰਦਰੀ ਦਾ ਫੈਰ ਖੁਲ੍ਹਿਆ। ਹੌਲਦਾਰਾ ਆਦਮੀ ਨੂੰ ਲਗੇ ਬਿੰਦ ਰੇ। ਜੰਗ ਵਿਚੋਂ ਰਹਿੰਦਿਆਂ ਦੇ ਅੜੇ ਜਿੰਦਰੇ।

### ਸੁਲਾ ਦੇ ਪਿਛੋਂ ਬਿਮਾਰੀ ਦੀ ਆਫਤ

ਦੇਖੋ ਯਾਰੋ ਕੈਸੀ ਏ ਬੀਮਾਰੀ ਪੈ ਗਈ। ਆਦਮੀ ਕਰੋੜਾਂ ਦਿਨਾਂ ਵਿਚ

ਲੈ ਗਈ। ਇਟਲੀ ਫਰਾਂਸ ਅਮਰੀਕਾ ਪਈ ਸੀ। ਜਰਮਨੀ ਦੇ ਵਿਚ ਭੀ ਜ਼ਰੂਰ ਗਈ ਸੀ। ਆਸਟਰੀ ਹੰਗਰੀ ਦੇ ਲਾਹੇ ਘਾਣ ਜੀ। ਸਰਵੀਆ ਰੁਮਾਨੀਆਂ ਨੂੰ ਲਗੀ ਜਾਣ ਜੀ। ਬਿਲਜੀਅਮ ਔਰ ਇੰਗਲੈਂਡ ਦੇਖਿਆ। ਤੁਰਕ ਬਲਕਾਨ ਜ਼ੋਰ ਨਾਲ ਸੇਕਿਆ। ਕਾਬਲ ਕੰਧਾਰ ਵਿਚ ਆਈ ਇੰਡੀਆ। ਖਾਲੀ ਅਜ ਕੀਤਾ ਯਾਰੋ ਰੌਲਪਿੰਡੀਆ। ਮਾਰਕੇ ਬੰਗਾਲ ਮਾਰਵਾੜੀ ਆਉਂਦੀ। ਫੇਰਮਦਰਾਸ ਹਾਤੇ ਸ਼ੋਰ ਪਾਉਂਦੀ। ਘਟ ਚਲੀ ਨਫਰੀ ਸ਼ੈਹਰ ਪਿੰਡ ਦੀ। ਅਗ ਵਾਂਗ ਭੈੜੀ ਦੂਰ ਦੂਰ ਖਿੰਡਦੀ। ਪੈਹਨ ਕੇ ਸਲਾਰੀ ਵਿਚ ਬੜੀ ਫੌਜ ਦੇ। ਦਿਨ ਵਿਚ ਬੇੜਿਆਂ ਦੇ ਕਟੇ ਮੌਜ ਦੇ। ਫੌਜੀਆਂ ਦੇ ਭਾਗ ਯਾਰੋ ਕਿਡੇ ਚੰਦਰੇ। ਹਟ ਗਈ ਲੜਾਈ ਮੌਤ ਕਢੇ ਦੰਦਰੇ। ਐਹੋ ਜੀ ਬੀਮਾਰੀ ਕਦੇ ਦੇਖੀ ਭਾਲੀ ਨਾ। ਕੁਝ ਨਾ ਮਲੂਮ ਦਿਸੇ ਗੋਰੀ ਕਾਲੀ ਨਾ। ਚੜ੍ਹ ਜਾਏ ਤਾਪ ਨਾਲੇ ਆਵੇ ਖੰਘ ਜੀ। ਲਗਦੀ ਪਿਆਸ ਸੁਕ ਜਾਏ ਸੰਘ ਜੀ। ਰੁਕ ਜਾਏ ਛਾਤੀ ਤੇਜ ਹੋਣ ਨਾੜੀਆਂ। ਕਰੇ ਬਕਵਾਸ ਤਕਦੀਰਾਂ ਮਾੜੀਆਂ। ਡਾਕਟਰ ਲੋਕ ਬੈਠੇ ਜ਼ੋਰ ਲਾਇਕੇ। ਲੱਭੀ ਨਾ ਦੁਆਈ ਬੈਠੇ ਅਜਮਾਇਕੇ। ਬਹੁਤ ਬੇਹੋਸ਼ੀ ਦੀਆਂ ਹੈ ਨਸ਼ਾਨੀਆਂ। ਸ਼ਾਇਦ ਟੁਟ ਜਾਣਗੀਆਂ ਜਿੰਦਗਾਨੀਆਂ। ਵਿਸਕੀ ਬਰਾਂਡੀ ਕੁਝ ਕਰੇ ਫਾਇਦਾ। ਥੋੜਾ ਥੋੜਾ ਬਾਬੂਆਂ ਦੇ ਹਥ ਕਾਇਦਾ। ਮੇਰੇ ਪਾਸ ਆਈ ਦਸ ਰੋਜ ਵਾਸਤੇ। ਤਾਂਹੀ ਮੈਨੂੰ ਏਸ ਦੇ ਮਾਲੂਮ ਰਾਸਤੇ। ਖੈਰ ਸੁਖ ਨਾਲ ਮੈਨੂੰ ਛਡ ਗਈ ਸੀ। ਕਰਨੀ ਕਵੀਸ਼ਰੀ ਵਿਚਾਲੇ ਪਈ ਸੀ। ਜਾਸਤੀ ਲੜਾਈ ਨਾਲੋਂ ਮਰੀ ਦੁਨੀਆਂ। ਘਰ ਬਾਰ ਬੈਠਕਾਂ ਅਨੇਕ ਸੁੰਨੀਆਂ। ਰਬ ਤਕਦੀਰ ਹੌਲਦਾਰ ਕਵੀਆ। ਮਲਕਲ ਮੌਤ ਸੱਦ ਰਹੀ ਅਵੀਆ।

### ਓਸ ਬਿਮਾਰੀ ਦੇ ਲਛਣ ਵਾਕ ਕਵੀਸ਼ਰ। ਬੈਂਤ

ਨਾਮ ਇਨਫਲੈਂਜ਼ਾ ਪ੍ਰਚਲਤ ਏਹਦਾ ਜਿਥੇ ਜਾਂਵਦੀ ਚੌੜ ਚੁਪੱਟ ਕਰਦੀ।
ਪੈਹਲੇ ਕਬਜ਼ ਬੁਖਾਰਦੀ ਫੇਰ ਕ੍ਰਿਪਾ ਪਿਛੋਂ ਨਾੜੀਆਂਵਿਚ ਸੰਘੱਟ ਕਰਦੀ।
ਰੰਗ ਲਾਲ ਪਿਸ਼ਾਬ ਦਾ ਰੁਕੇ ਛਾਤੀ ਪਈ ਨਬਜ਼ ਤਰੱਟ ਤਰੱਟ ਕਰਦੀ।
ਖੰਘ ਲੈਣ ਨਾ ਦਿੰਦੀ ਸੁਆਸ ਯਾਰੋ ਰੁਚੀ ਭੁਖ ਅਨਾਜ ਦੀ ਘੱਟ ਕਰਦੀ।
ਮੱਛੀ ਵਾਂਗ ਮਰੀਜ਼ ਦੀ ਜਾਨ ਤੜਫੇ ਅੱਠ ਪੈਹਰਅੰਦਰਪੂਰੀ ਸੱਟ ਕਰਦੀ।

ਛੇਤੀ ਕਰੇ ਬੇਹੋਸ਼ ਇਨਸਾਨ ਤਾਂਈ ਪੈਹਲਵਾਨਵਾਲਾ ਭੈੜੀ ਝੱਟ ਕਰਦੀ।
ਲਗੇ ਬਹੁਤ ਪਿਆਸ ਪਲੇਗ ਵਾਂਗੂੰ ਕੰਮ ਡੇਹਦਾ ਨਾ ਢਾਈ ਫੱਟ ਕਰਦੀ।
ਅਖਾਂ ਪੀਲੀਆਂ ਰੰਗ ਬਸਾਰ ਹੋਵੇ ਤਾਕਤ ਸਾਰੇ ਸਰੀਰਦੀ ਨਸ਼ਟ ਕਰਦੀ।

ਏਸ ਸੁਲਾਹ ਦੀ ਕਮੇਟੀ ਦਾ ਪਰਧਾਨ

ਵਿਲਸਨ ਅਮਰੀਕਾ ਦੇ ਸਿਰ ਸੇਹਰਾ

ਵਿਲਸਨਨਾਮਵਜ਼ੀਰਮਸ਼ਹੂਰਦੁਨੀਆਂਗ੍ਰਨਮਿੰਟਅਮ੍ਰੀਕਾਚਲਾਉਣ ਖਾਤਰ।
ਧਰਮੀਪੁਰਸ਼ ਮਹਾਤਮਾਂ ਸੱਤਵਾਦੀ ਜਨਮ ਧਾਰਿਆਭਲੇ ਕਮਾਉਣ ਖਾਤਰ।
ਪ੍ਰਜਾਆਪਣੀਦੀਪ੍ਰਿਤਪਾਲਕਰਦਾ ਆਯਾ ਦੁਦੀਆਂਦਰਦਹਟਾਉਣ ਖਾਤਰ।
ਭਲੇ ਆਦਮੀ ਪੁੱਤਲੇ ਨੇਕੀਆਂਦੇ ਭੈੜੇ ਭੈੜੀਆਂ ਔਸੀਆਂ ਪਉਣ ਖਾਤਰ।
ਭਲੇ ਆਦਮੀ ਕਰਨ ਭਲਾਈ ਯਾਰੋ ਬੁਰੇਆਇਜੇ ਲੂਤੀਆਂਲਾਉਣ ਖਾਤਰ।
ਨੇਕੀ ਖੱਟਦੇ ਨੇਕ ਦਨਾ ਬੰਦੇ ਭੈੜੇ ਭੈੜੀਆਂ ਗਲਾਂ ਸੁਨਾਉਣ ਖਾਤਰ।
ਭਲੇ ਆਦਮੀ ਪਾਰ ਲੰਘਾਣ ਬੇੜੇ ਬੂਰੇ ਤੱਕਦੇ ਵਿਚ ਡੁਬਾਉਣ ਖਾਤਰ।
ਭਲੇ ਅੱਗ ਬੁਝਾਉਣ ਦੇ ਜਤਨ ਕਰਦੇ ਬੁਰੇ ਵੌੜਦੇਹੋਰ ਜਲਾਉਣ ਖਾਤਰ।
ਆਏ ਸਾਧੂ ਮਹਾਤਮਾ ਬੰਦਗੀ ਨੂੰ ਚੋਰ ਆਏ ਜੇ ਮਾਲ ਦੁਰਾਉਣ ਖਾਤਰ।
ਭਲੇ ਕਰਨ ਮਾਨੁਖ ਦਾ ਜਨਮਸਫਲਾ ਬੁਰੇਆਏ ਜੇਘੱਟਾਉਡਾਉਣਖਾਤਰ।
ਵਿਲਸਨਹੋਗਿਆ ਖੜਾ ਮਦਾਨਜਾਕੇ ਪਰਜਾਰੱਬਦੀਅਜਬਚਾਉਣ ਖਾਤਰ।
ਦੋਹਾਂਧਿਰਾਂਨੂੰ ਆਖਿਆਬਸਕਰ ਜਾਓ ਲਕਬਧਾਏਦੁਨੀ ਮੁਕਾਉਣ ਖਾਤਰ।
ਕੀਤਾਜੰਗਨੂੰ ਬੰਦਉਪਕਾਰ ਕਰਕੇ ਬ੍ਰਹਮ ਹਤਿਆ ਪਾਪ ਹਟਾਉਣ ਖਾਤਰ।
ਮੈਂਬਰ ਸਦ ਲਏਸਾਰੀਆਂਤਾਕਤਾਂਦੇ ਦੇਖੋਰੁਠਿਆਂ ਅਜ ਮਨਾਉਣ ਖਾਤਰ।
ਕਾਇਮ ਹੋਈ ਕਮੇਟੀ ਜਾ ਫਰਵਰੀ ਨੂੰ ਝੇੜੇ ਜੰਗਦੇਸਭ ਗੁਵਾਉਣ ਖਾਤਰ।
ਆਪਲਈ ਪਰਧਾਨਗੀਭਲੇਕਾਰਨ ਰੂਲ ਸੁਲ੍ਹਾਦੇਨਵੇਂ ਬਣਾਉਣ ਖਾਤਰ।
ਗੁਜ਼ਰਗਏ ਕਰੀਬ ਛੇਮਾਂਹਵਿਚੇ ਐਹਦਨਾਮਿਆਂ ਸੈਨ ਕਰਵਾਉਣਖਾਤਰ।
ਕਾਰਹਵਾਈ ਜੋ ਸੁਲ੍ਹਾ ਦੀ ਪਈ ਹੁੰਦੀ ਜਲਦਕਰੀਮੈ ਕਿੱਸਾਛਪੌਣ ਖਾਤਰ।
ਸਮਾਚਾਰਜੇਰੈਹਗਿਆ ਕੁਜ ਬਾਕੀ ਹਿਸਾ ਦੂਸਰਾ ਲਿਖੂੰ ਮਲਾਉਣ ਖਾਤਰ।
ਬੰਨ ਬਿਸਤਰਾ ਰਾਹ ਦਾ ਹੋਲਦਾਰਾ ਅਗੇ ਚਲਕੇ ਹੇਠ ਵਛਾਉਣ ਖਾਤਰ।

ਜੰਗ ਯੂਰਪ ਦਾ ਅੰਤ । ਵਾਕ ਕਵੀਸਰ

ਹੁਣ ਮੈਂ ਬੱਸ ਕਤਾਬ ਨੂੰ ਬੰਦ ਕਰਦਾ ਅਗੇ ਲਿਖਣਦੀਹੋਰਦਰਕਾਰ ਨਾਹੀਂ।

ਬੂੰਦ ਵਿਚ ਸਮੁੰਦਰੋਂ ਗਲਸਮਝੋ ਕਿਉਂਕਿਕਵੀਮੈਂਬਹੁਤ ਹੁਸ਼ਿਆਰ ਨਾਹੀਂ।
ਥੋੜੇ ਥੋੜੇ ਬਤਾਏ ਹਵਾਲ ਯਾਰੋ ਪੂਰਾ ਦਸਿਆ ਕੋ ਸਮਾਚਾਰ ਨਾਹੀਂ।
ਕਈ ਸੈ ਕੜੇ ਹੋਣ ਲਖਾਰੀਆਂ ਦੇ ਪੂਰੇ ਹਾਲ ਦੀ ਹੁੰਦੀ ਵਿਚਾਰ ਨਾਹੀਂ।
ਕਿਉਂਕਿ ਬਹੁਤਮੁਆਮਲਾ ਜਾਸਤੀਸੀ ਏਥੇਆਉਂਦਾਕੋਈ ਸ਼ੁਮਾਰ ਨਾਹੀਂ।
ਤਵਾਰੀਖ ਵਾਲੇ ਬੁਧੀਵਾਨ ਜੇਹੜੇ ਪੂਰੇ ਲਿਖਣ ਦੇ ਕਰਨ ਕਰਾਰ ਨਾਹੀਂ।
ਹੋਰ ਬਣਨਗੇ ਲੱਖ ਹਜ਼ਾਰ ਕਿਸੇ ਏਸ ਜੰਗ ਵਾਲਾ ਪਾਰਾ ਵਾਰ ਨਾਹੀਂ।
ਸੁਣਨੀਅਰਜ਼ਗਰੀਬਦੀਦੋਸਤਾਂਨੇ ਕਿੱਸਾਸਮਝਕੇ ਕੀਤਾਮੈਂ ਤਯਾਰ ਨਾਹੀਂ।
ਮੇਰਾਅਸਲਨਸ਼ਾਨ ਇਤਿਹਾਸ ਤੇ ਹੈ ਗੰਦੇਵਾਕਦੀ ਕੋਈ ਗੁਫਤਾਰ ਨਾਹੀਂ।
ਹਾਲ ਲਿਖੇ ਕੁਜ ਸੁਣੇ ਸੁਣਾਏ ਲੋਕੋ ਝੂਠ ਸਚਦਾ ਮੈਂ ਜ਼ਿੰਮੇ ਵਾਰ ਨਾਹੀਂ।
ਗਲਤੀਵਿਚਇਨਸਾਨਦੇ ਸਦਾ ਰੈਂਹਦੀ ਭੁਲਣਹਾਰਤਾਂਕਦੇਕਰਤਾਰਨਾਹੀਂ।
ਐਪਰ ਭੁਲ ਮੇਰੀ ਦੇਣੀ ਦਸ ਮੈਨੂੰ ਬੇਈ ਮਾਨ ਜੇ ਕਰਾਂ ਸੁਧਾਰ ਨਾਹੀਂ।
ਨੌਕਰ ਚੋਬਰਾਂ ਵਾਸਤੇ ਕਰੀ ਕਵਤਾ ਪੜੋ ਏਸਨੂੰ ਗਲ ਬੁਰਿਆਰ ਨਾਹੀਂ।
ਸਾਕੇ ਲਿਖੇ ਹਨ ਜੰਗ ਬਹਾਦਰੀ ਦੇ ਔਖੀਏਸਦੀ ਪੜਨਰਫਤਾਰ ਨਾਹੀਂ।
ਭੁਲ ਬਖਸ਼ਣੀ ਕਵੀ ਮਹਾਤਮਾ ਨੇ ਕਰਨਾ ਜਗ ਦੇ ਵਿਚ ਖੁਆਰ ਨਾਹੀਂ।
ਦੇਖ ਜੰਗ ਹੁੰਦੇ ਆਗਈ ਰੀਸ ਮੈਨੂੰ ਉਰਦੂ ਫਾਰਸੀ ਦਾਰਵਾਦਾਰ ਨਾਹੀਂ।
ਜਾਕੇ ਜੰਗ ਮਦਾਨ ਵਿਚ ਹੌਲਦਾਰਾ ਓਹ ਮਰਦਕੀ ਫੜੇ ਤਲਵਾਰ ਨਾਹੀਂ।

## ਆਮ ਪਾਠਕਾਂ ਪਾਸ ਕਵੀ ਦੀ ਅੰਤਮ ਬੇਨਤੀ

ਬੰਦੇ ਅਖੀਆਂ ਪੱਟ ਕੇ ਦੇਖ ਲੈ ਤੂੰ ਤੁਰ ਚਲਣਾ ਏਸ ਜਹਾਨ ਵਿਚੋਂ।
ਕੋਈ ਅੱਜ ਤੇ ਕੋਈ ਸੁਵੇਰ ਭਲਕੇ ਚਲ ਜਾਣਗੇ ਤੀਰ ਕੁਮਾਨ ਵਿਚੋਂ।
ਗੱਲ ਛੱਡ ਜ਼ਮਾਨਿਆਂ ਗੁਜ਼ਰਿਆਂ ਦੀ ਲਦ ਗਏ ਹਨ ਹਾਣ ਪ੍ਰਵਾਨਵਿਚੋਂ।
ਸੁਤਾ ਗਾਫਲੀ ਵਿਚ ਕਉਂ ਮੂਰਖਾ ਤੂੰ ਸੌਦਾ ਖੱਟ ਲੈ ਕੋਈ ਦੁਕਾਨ ਵਿਚੋਂ।
ਪਏ ਰੈਹਣਗੇ ਰੰਗ ਮਹੱਲ ਤੇਰੇ ਡਰ ਔਣਗੇ ਖਾਲੀ ਦਲਾਨ ਵਿਚੋਂ।
ਝੂਠੇ ਲਾਲਚਾਂਵਿਚ ਬਿਹਾਈ ਐਵੇਂ ਅਜੇ ਗਿਆ ਨਾ ਗਰਬਗੁਮਾਨ ਵਿਚੋਂ।
ਕੋਈ ਰੋਜਦਾ ਗਾਫਲਾ ਸੇਹਰ ਮੇਲਾ ਸੁਪਨੇ ਔਣਗੇ ਚੱਲ ਮਦਾਨ ਵਿਚੋਂ।
ਕਾਲ ਕੂਕਦਾ ਖੜਾ ਦੁਹਾਈ ਦੇਵੇ ਨਹੀਂ ਯਾਦ, ਪੜ ਵੇਦ ਪੁਰਾਨ ਵਿਚੋਂ।
ਲੇਖੇ ਹੋਣਗੇ ਨੇਕੀਆਂ ਬਦੀਆਂ ਦੇ ਲਫਜ਼ ਦੇਖ ਸ਼ਰੀਫ ਕੁਰਾਨ ਵਿਚੋਂ।
ਤੈਨੂੰ ਮੜਕ ਮਜਾਜ ਨੇ ਖੁਆਰ ਕੀਤਾ ਕਦੇ ਰਾਮ ਨਾ ਕਿਹਾ ਜ਼ੁਬਾਨਵਿਚੋਂ।

ਟੇਢੀ ਪੌਣ ਮਰੋੜ ਦੇ ਵਿਚ ਤੇਰੀ ਕਦੇ ਲਭਿਆ ਨਹੀਂ ਗਿਆਨ ਵਿਚੋਂ।
ਦੇਖੋ ਸ਼ੇਖ ਫਰੀਦ ਸੀ ਕੈਹਣ ਏਥੇ ਅਜੇ ਗਿਆ ਨਾਂ ਤੇਰਾ ਸ਼ਤਾਨ ਵਿਚੋਂ।
ਕੱਜਲ ਰੇਖ ਨਾਂ ਸੈਂਹਦਿਆਂ ਨੈਣ ਜੇਹੜੇ ਕਦੇ ਉਡਦੇ ਪਏ ਹੈਵਾਨ ਵਿਚੋਂ।
ਮਾਈ ਬਾਪ ਦਾਦੇ ਤੇਰੇ ਹੈਨ ਕਿਥੇ ਕਰਕੇ ਦੇਖ ਲੈ ਠੀਕ ਧਿਆਨ ਵਿਚੋਂ।
ਅਜੇ ਨਹੀਂ ਪਤੀਜ ਦਾ ਬੰਦਿਆ ਤੂੰ ਚਲੇ ਜਾਣਗੇ ਤੇਰੇ ਪਰਾਣ ਵਿਚੋਂ।
ਮਾਨ ਧਾਤਾ ਕਿਥੇ ਕਿਥੇ ਦਸ ਕਾਰੂ ਪੈਸਾ ਕਢਿਆ ਕਬਰਸਤਾਨ ਵਿਚੋਂ।
ਜਾਂਦੀਵਾਰ ਕੀ ਲੈਗਿਆ ਵੱਸਪੱਲੇ ਖਾਲੀ ਗਿਆਸੀ ਬੈਠ ਬਵਾਣ ਵਿਚੋਂ।
ਸੁਤਦਾਰਾ ਪਦਾਰਥਾਂ ਵਿਚ ਰਚਿਆ ਕਦੇ ਚੇਤਿਆਨਹੀਂ ਭਗਵਾਨ ਵਿਚੋਂ।
ਮਰ ਜਾਏਂਗਾ ਪਾਪੀਆ ਪਾਪ ਕਰਦਾ ਧਕੇ ਪੈਣਗੇ ਵੱਲ ਦੀਵਾਨ ਵਿਚੋਂ।
ਔਣੀ ਬੰਦਗੀ ਬੰਦਿਆ ਕੰਮ ਤੇਰੇ ਬਿਨਾ ਬੰਦਗੀ ਕੰਮ ਵਰਾਨ ਵਿਚੋਂ।
ਬਸ ਚੋਟ ਨਗਾਰੇ ਨੂੰ ਲੱਗ ਜਾਣੀ ਮਾਲੀ ਕਢ ਦੇਊ ਬੋਸਤਾਨ ਵਿਚੋਂ।
ਸਾਢੇ ਤਿੰਨ ਹਥ ਜ਼ਿਮੀਂ ਹੈ ਹੱਕ ਤੇਰਾ ਚਲਮਿਨੂੰ ਗਰਦੌਰ ਮਸਾਨ ਵਿਚੋਂ।
ਚਿੱਟੀ ਇਕ ਪੁਸ਼ਾਕ ਅਖੀਰ ਤੈਨੂੰ ਆਲਮਾਰੀਆਂ ਰੇਸ਼ਮੀ ਥਾਨ ਵਿਚੋਂ।
ਖਾਲੀ ਹੱਥ ਹਸਾਬ ਨਾ ਇਕ ਪਾਈ ਜੇਬ ਖਰਚ ਨਾ ਤੇਰੇ ਖਜਾਨ ਵਿਚੋਂ।
ਤੂੰ ਭੀ ਸੋਚਕੇ ਦੇਖਲੈ ਨੰਦ ਸਿੰਘਾ ਪਿਆ ਹੁੰਦਾਏ ਤੇਰਾ ਨੁਕਸਾਨ ਵਿਚੋਂ।

## ਕਵੀ ਜੀ ਨੇ ਆਪਣੇ ਮਨ ਨੂੰ ਤਾੜਨਾ ਕਰਨੀ

ਮਨਾ ਮੇਰਿਆ ਦੇਖ ਵਿਚਾਰ ਕਰਕੇ ਭਲਾ ਕੰਮ ਨਾ ਕੋਈ ਕੁਮਾਇਆ ਤੈਂ।
ਰਿਹਾ ਕੁਚਲ ਕਠੋਰ ਹਰਾਮੀਆਂ ਤੇ ਹੀਰਾ ਪੱਥਰਾਂ ਵਿਚ ਮਲਾਇਆ ਤੈਂ।
ਚੁਗਲੀ ਨਿੰਦਜ਼ਾ ਵਾਸਤੇ ਲੱਕ ਬਧਾ ਨਹੀਂਹਰਫਦਨਾਈਦਾ ਪਾਇਆਤੈਂ।
ਬਦਫੈਲੀਆਂ ਵਿਚਸੂਦਾਰ ਬਣਿਆਂਕਦੇਵਾਹਿਗੁਰੂਨਹੀਂ ਧਿਆਇਆ ਤੈਂ।
ਯਾਦ ਰੱਖਲੈ ਆਉਣੀਆਂ ਪੇਸ਼ ਤੇਰੇ ਨਹੀਂਗੁਰਾਂਨੂੰ ਸੀਸ ਨਿਵਾਇਆ ਤੈਂ।
ਥੱਕ ਜਾਣਗੇ ਇੰਦਰੇ ਦਸੇ ਤੇਰੇ ਜਿਨ੍ਹਾਂ ਭੋਗ ਦੇ ਵਾਸਤੇ ਲਾਇਆ ਤੈਂ।
ਅਹਿਲਕਾਰ ਵਜ਼ੀਰ ਮੁਸੱਦੀਆਂ ਤੇ ਰਾਜਾ ਹੋਇਕੇ ਹੁਕਮ ਚਲਾਇਆ ਤੈਂ।
ਝੂਠੇ ਕਰਨਗੇ ਇੰਦਰੇ ਮਨਾਂ ਤੈਨੂੰ ਸਾਰਾ ਪਾਪ ਖੁਦ ਆਪ ਕੁਮਾਇਆ ਤੈਂ।
ਤੇਰੇ ਵਿਚ ਹਸਾਬਦੇ ਪਈ ਗਲਤੀਦਫਤਰਅਗਲਾ ਦਿਲੋਂਭੁਲਾਇਆਤੈਂ।
ਪਾਈ ਪਾਈ ਦੇ ਜਿਥੇ ਹਸਾਬ ਹੁੰਦੇ ਘਾਟਾ ਕਈ ਹਜ਼ਾਰ ਦਾ ਪਾਇਆ ਤੈਂ।
ਜਿੱਥੇ ਕੰਮਨਹੀਂ ਮਨਾ ਸਫਾਰਸ਼ਾਂ ਦੇ ਐਵੇਂ ਕਾਸਨੂੰ ਗਦਰਮਚਾਇਆ ਤੈਂ।

ਕਸਭੁਗਤਨਾਂ ਬਿਨਾ ਗੁਵਾਹੀਆਂਦੇ ਨਹੀਂ ਬਚਨਦਾ ਢੰਗ ਬਣਾਇਆ ਤੈਂ ।
ਲੱਖ ਲਾਨਤਾਂ ਦਿਤੀਆਂ ਰੋਜ ਤੈਂਨੂੰ ਕੈਣਾ ਕੋਈ ਨਾ ਦਿਲੇ ਵਸਾਇਆ ਤੈਂ ।
ਚੋਰੀ ਯਾਰੀਆਂ ਵਾਸਤੇ ਰਾਤਸਾਰੀ ਭਜੇਫਿਰਦਿਆਂ ਵਕਤ ਗੁਵਾਇਆ ਤੈਂ ।
ਸੱਤ ਸੰਗ ਨੂੰ ਚੱਲੀਏ ਕਹੇ ਕੋਈ ਨਹੀਂ ਸੁਤਿਆਂ ਅੰਗ ਹਲਾਇਆ ਤੈਂ ।
ਨੀਂਦਨਹੀਂ ਜੇ ਕੰਜਰੀਨਾਚਹੋਵੇ ਬਾਣੀ ਪੜ੍ਹਦਿਆਂ ਤਾਪ ਚੜ੍ਹਾਇਆ ਤੈਂ ।
ਹੈਓਇ ਪਾਪੀਆ ਮਨਾ ਧਿਰਕਾਰਤੈਨੂੰ ਹੀਰੇ ਜਨਮਨੂੰ ਜੂਏਜਿਤਾਇਆ ਤੈਂ ।
ਯਾਦ ਰਖਣ ਕਤਾਬਨੂੰ ਪੜ੍ਹਨਵਾਲੇ ਐਸਾ ਕੋਹਣ ਨਾ ਸਾਨੂੰ ਦੁਖਾਇਆ ਤੈਂ ।
ਸਿਰਫ ਆਪਦੇ ਚਿੱਤਨੂੰ ਸ਼ਰਮਦਿਤੀ ਕੀਤੀਪਯਾਰੀ ਜਹਾਨਤੋਂ ਮਾਇਆ ਤੈਂ ।
ਕਰਤੂੰ ਭਜਨ ਕਰਤਾਰ ਦਾ ਹੋਲਦਾਰਾ ਭੋਗ ਯੂਰਪ ਜੰਗ ਦਾ ਪਾਇਆ ਤੈਂ ।

### ਮੇਰੀ ਜਨਮ ਭੂਮੀ ਅਤੇ ਪਿੰਡ ਦਾ ਪਤਾ ਵਾਕ ਕਵੀਸ਼ਰ

ਪਿੰਡ ਜੇਠੂ ਕੇ ਫੂਲ ਮਿਰਾੜ ਕੋਲੇ ਜਿਲਾ ਲੁਦੇਹਾਣਾ ਬਤਲਾਯਾ ਮੈਂ ।
ਕੋਲੇ ਤੱਪਾ ਉਸਤਾਦ ਦੀ ਜਨਮ ਭੂੰਮੀ ਜਿਸਤੇ ਕਾਵਜ ਵਾਲਾ ਗੁਣ ਪਾਯਾਮੈਂ ।
ਹੁਕਮ ਰਾਜ ਅੰਗ੍ਰੇਜੀ ਦਾ ਪਿੰਡ ਸਾਡੇ ਕਰੜਾ ਮਾਮਲਾ ਨਹੀ ਦਿਸਾਯਾ ਮੈਂ ।
ਕੋਈ ਨਹੀ ਤਕਲੀਫ ਸਰਕਾਰ ਵਲੋਂ ਸਚ ਕਹਿਣਤੋਂ ਨਹੀ ਲੁਕਾਯਾ ਮੈਂ ।
ਕਾਵਜ ਸਿਖਿਆ ਮੈ ਛੋਟੀ ਉਮਰ ਅੰਦਰ ਵਿਚ ਦੋਸਤਾਂ ਚਿਤ ਪਰਚਾਯਾ ਮੈਂ ।
ਮਸ਼ਹੂਰ ਮਲਾਯਾ ਦੀ ਗਾਇਡ ਜੇੜ੍ਹੀ ਨਾਮਾਂ ਓਸਦੇ ਵਿਚ ਲੁਵਾਯਾ ਮੈਂ ।
ਮੇਰਾ ਕੰਮ ਸਰਕਾਰ ਦੀ ਨੌਕਰੀ ਦਾ ਬੱਚ ਪਣੇ ਤੇ ਰੱਫਲ ਉਠਾਯਾ ਮੈਂ ।
ਤੈਪਿੰਗ ਪੀਨਾਂਗ ਦੀ ਜਾਣ ਛੌਣੀ ਚੜ੍ਹਕੇ ਵਿਚ ਜਹਾਜ ਦੇ ਆਯਾ ਮੈਂ ।
ਮੇਰੀ ਕੰਪਨੀ ਦੂਸਰੀ ਮਾਲਵੇ ਦੀ ਪਲਾਟੂੰਨ ਭੀ ਪੰਜ ਗਣਾਯਾ ਮੈਂ ।
ਲੰਬੀ ਨੌਕਰੀ ਹੋਈ ਬੇਸ਼ਕ ਮੇਰੀ ਦਰਜਾ ਨਹੀ ਸਰਦਾਰੀ ਦਾ ਪਾਯਾ ਮੈਂ ।
ਕਾਰਨ ਖੋਹਲਕੇ ਮੈਂ ਦਸਾਂ ਏਸਦਾਭੀ ਮੁੱਢੋਂ ਮੜਕ ਮਰੋੜ ਰਖਾਯਾ ਮੈਂ ।
ਤਰਲੇ ਨਹੀਂ ਕੀਤੇ ਜਾਕੇ ਅਫਸਰਾਂ ਦੇ ਜੀ ਹਜੂਰੀਆ ਨਹੀ ਸਦਾਯਾ ਮੈਂ ।
ਕਰ ਨਾ ਸਕਿਆ ਕੰਮ ਕੁਸ਼ਾਮਤੀ ਦਾ ਬੋਲ ਤੋਲ ਨੂੰ ਸਿਰੇ ਨਭਾਯਾ ਮੈਂ ।
ਬਾਣ ਪਈ ਨਾ ਝੂਠੀਆਂ ਸਚੀਆਂ ਦੀ ਪਲਘ ਆਪਣਾ ਕਿਲਾ ਬਣਾਯਾ ਮੈਂ ।
ਕੀਤਾ ਕੰਮ ਸਰਕਾਰ ਦਾ ਮਨੋਂ ਲਾਕੇ ਨਹੀ ਨਿਮਕ ਹਰਾਮ ਸਦਾਯਾ ਮੈਂ ।
ਚਾਰ ਸੱਚੀਆਂ ਝੂਠੀਆਂ ਚੁਗਲੀਆਂਦਾ ਐਸਾ ਹਰਫਨਾ ਹਿਫਜ ਕਰਾਯਾ ਮੈਂ ।
ਚਾਰਸਾਲ ਲੜਾਈ ਵਿਚਰਿਹਾ ਸ਼ਾਮਲ ਮਾਫੀ ਮੰਗ ਨਾ ਵਕਤਲੰਘਾਯਾ ਮੈਂ ।

ਤਗਮਾਂ ਬਿਨਾਂ ਇਨਾਮ ਦੇ ਲਿਖਿਆਸੀ ਓਹਭੀ ਨਹੀ ਵਸੂਲਨੂੰ ਪਾਯਾ ਮੈਂ ।
ਮੇਰੇ ਮਿਲਣ ਦੀ ਕਰੇ ਜੇ ਆਸ ਕੋਈ ਉੱਪਰ ਆਪਣਾ ਪਤਾ ਬਤਾਯਾ ਮੈਂ ।
ਐਪਰ ਅਜ ਤਾਂ ਅਦਨਦੇ ਵਿਚਬੈਠੇ ਭੈੜਾ ਅਰਬ ਦਾ ਮੁਲਕ ਸੁਣਾਯਾ ਮੈਂ ।
ਨਾਮ ਲਿਖਣੇ ਸੀ ਸਾਰੇ ਦੋਸਤਾਂਦੇ ਕਿਸਾ ਬਧਣ ਵਲੋਂ ਖੌਫ ਖਾਯਾ ਮੈਂ ।
ਕਰੀਬਨ ਪੰਦਰਾਂ ਆਦਮੀ ਪਿੰਡਦੇ ਹਾਂ ਵਿਚ ਜਿਨਾ ਦੇ ਦਾਸ ਸਦਾਯਾ ਮੈਂ ।
ਕੋਈ ਅੰਤ ਨਾਂ ਮੇਰਿਆਂ ਦੋਸਤਾਂ ਦਾ ਨਾਮ ਲਿਖਣ ਵਲੋਂ ਪੜਦਾ ਪਾਯਾ ਮੈਂ।
ਸਾਰੇ ਲਿਖਾਂ ਜੇ ਬਣੇਂ ਕਤਾਬ ਵਡੀ ਕਾਰਨ ਏਸ ਤੇ ਨਹੀ ਬਧਾਯਾ ਮੈਂ ।
ਭੁਲ ਚੁਕ ਮੇਰੀ ਸਾਰੀ ਬਖਸ਼ਦੇਣੀ ਪੜ੍ਹਨ ਬਾਲਿਆਂ ਪਾਸੋਂ ਬਖਸ਼ਾਯਾ ਮੈਂ ।
ਭੁਲਣ ਹਾਰ ਬੰਦਾ ਸਦਾ ਭੁਲਦਾ ਹੈ ਗੁਰੂ † ਵਾਕ ਨੂੰ ਚਿਤ ਬਸਾਯਾ ਮੈਂ ।
ਕਥਨਾਂ ਕਾਵਜ ਦਾ ਸਜਣੋਂ ਬਹੁਤਮੁਸ਼ਕਲ ਮਾਦਾਬਹੁਤ ਕਮਜੋਰ ਦਿਖਾਯਾ ਮੈਂ।
ਕਵਿਤਾ ਫੌਜੀਆਂ ਮੌਜੀਆਂ ਬਾਸਤੇ ਜੇ ਜੰਗ ਯੂਰਪ ਆਖ ਸੁਣਾਯਾ ਮੈਂ ।
ਜਿਥੇ ਚਿਤ ਚਾਹੇ ਪੜੋ ਵੀਰ ਮੇਰੇ ਮਾੜਾ ਹਰਫ ਨਾ ਇਕ ਲਿਖਾਯਾ ਮੈਂ ।
ਬਾਜੂ ਫਰਕ ਪੈਂਦੇ ਸੁਣਕੇ ਜੋਧਿਆਂ ਦੇ ਜੰਗ ਜਿਤਣੇ ਬਾਸਤੇ ਗਾਯਾ ਮੈਂ ।
ਕੀਤੀ ਕਦਰਇਸਦੀ ਬਹੁਤ ਫੌਜੀਆਂਨੇ ਬੇੜੇ ਕਈਆਂਦਾਨਾਮ ਗਣਾਯਾ ਮੈਂ।
ਜੰਗੀ ਪੜਨ ਸਰਹਦੀਆਂ ਵਿਚ ਬੈਠੇ ਬੀਰ ਰੱਸ ਦਾ ਰੰਗ ਚੜ੍ਹਾਯਾ ਮੈਂ ।
ਕਰਨ ਨਿਮਕਹਲਾਲ ਸਰਕਾਰਦਾ ਉਹ ਫੌਜੀ ਬੀਰਨਾਤਾਂਈ ਸਮਝਾਯਾ ਮੈਂ।
ਹੁਣ ਮੈਂ ਖਤਮ ਕਤਾਬ ਨੂੰ ਕਰਾਂ ਏਥੇ ਜੌਹਰ ਕਾਵਜਦਾ ਜੰਗ ਬਣਾਯਾ ਮੈਂ ।
ਸਤ ਜੂਨ ਸੰਨ ਉਨੀਸੌ ਜਾਣਉਨੀ(੧੯੧੯)ਭੋਗ ਏਸਕਤਾਬਦਾਪਾਯਾ ਮੈਂ।
ਨੰਦ ਸਿੰਘ ਦੀ ਫਤੇ ਤਮਾਮ ਤਾਈਂ ਹਥ ਜੋੜ ਕੇ ਸੀਸ ਝੁਕਾਯਾ ਮੈਂ ।

## ਕਬਿੱਤ

ਜਾਣੋਂ ਸਤ ਜੂੰਨ ਏਹ ਖਤਮ ਕਤਾਬ ਹੋਈ ਉਨੀ ਸੌ ਤੇ ਉਨੀ (੧੯੧੯)
ਸੰਨ ਈਸਵੀ ਬਤਾਯਾ ਮੈ। ਬੈਠਕੇ ਅਦਨ ਵਿਚ ਖੁਸ਼ਕ ਪਹਾੜੀ ਉੱਤੇ
ਜੰਗ ਨਾਮਾਂ ਫੌਜੀਆਂ ਦੇ ਬਾਸਤੇ ਬਨਾਯਾ ਮੈਂ। ਗਰਮੀ ਦਾ ਜੋਰ ਏਥੇ ਹੋਈ
ਤਕਲੀਫ ਵੱਡੀ ਕਾਗਜਾਂ ਦਾ ਦਸਤਾ ਵੀ ਦੂਰੋਂ ਮੰਗਵਾਯਾ ਮੇ। ਫਤੇ
ਪ੍ਰਵਾਨ ਮੇਰੀਹੋਵੇ ਛੋਟੇ ਵਡਿਆਂਨੂੰ ਭੋਗ ਜੰਗ ਯੂਰਪ ਤਰੀਕ ਸਤ ਪਾਯਾ ਮੈਂ ।

--o--

† ਭੂਲਣ ਅੰਦਰ ਸਭ ਕੋ, ਅਭੁਲ ਗੁਰੂ ਕਰਤਾਰ ( ਗੁਰ ਵਾਕ )

## ਢੰਡੋਰਾ ਆਮ ਵਾਕ ਕਵੀਸ਼ਰ

ਮੇਰਾ ਏਹੁ ਢੰਡੋਰਾ ਖਾਸ ਆਮ ਤਾਈ ਜੰਗ ਯੂਰਪ ਏਹੁ ਬਣਾਯਾ ਮੈਂ।
ਪਹਿਲਾਂਛਾਪੀਮੈਂ ਇਕ ਹਜਾਰਕਾਪੀ ਮਹਿੰਗਾ ਪਿਆ ਨੁਕਸਾਨਉਠਾਯਾਮੈਂ।
ਹੁਣ ਮੈਂ ਹੱਕ ਦਿਤਾ ਇਸਦਾ ਲੁਦੇਹਾਣੇ ਹੱਕ ਆਪਣਾਵੀ ਭਰਪਾਯਾ ਮੈਂ।
ਗੱਜਨ ਸਿੰਘ ਤੇ ਕਵੀ ਗੁਰਦਿਤ ਸਿੰਘ ਨੂੰ ਕਾਗਜ ਲਿਖਕੇਹਥ ਫੜਾਯਾਮੈਂ।
ਸਦਾ ਵਾਸਤੇ ਹੱਕ ਤਸਨੀਫ ਦਿਤਾ ਕਲਮ ਆਪਣੀ ਨਾਲ ਲਿਖਾਯਾ ਮੈਂ।
ਪ੍ਰੀਤਮ ਦਿਲਾਂ ਦੇ ਹੈ ਮੇਰੇ ਬਹੁਤ ਚਿਰਦੇ ਬੋਲ ਆਪਣਾ ਤੋੜ ਨਿਭਾਯਾਮੈਂ।
ਭਰੀ ਰਹੇ ਦੁਕਾਨ ਸਭ ਪੁਸਤਕਾਂ ਦੀ ਲੋੜਾਂ ਪੂਰੀਆਂ ਹੋਣ ਬਤਾਯਾ ਮੈਂ।
ਘੰਟੇ ਘਰ ਦੇ ਪਾਸ ਦੁਕਾਨ ਸਮਝੋ ਮਸ਼ਹੂਰ ਤਮਾਮ ਫੁਰਮਾਯਾ ਮੈਂ।
ਕੋਈ ਹੋਰਨਾ ਏਸਨੂੰ ਛਾਪ ਸੱਕੇ ਆਮ ਖਾਸ ਦੇ ਤਾਈਂ ਸੁਣਾਯਾ ਮੈਂ।
ਵਧ ਘਟ ਕਰਕੇ ਛਾਪੇ ਹੋਰ ਜੇੜ੍ਹਾ ਮੇਰੇ ਨਾਮ ਤੇ ਚੋਰ ਠਹਰਾਯਾ ਮੈਂ।
ਜੇੜਾ ਕਰੇ ਕਸੂਰ ਕਸੂਰ ਪਾਵੇ ਤੇ ਬੇ ਦੋਸ ਨੂੰ ਦੋਸ ਨਾ ਲਾਯਾ ਮੈਂ।
ਕਰੇ ਵੈਰ ਜੋ ਨਾਲ ਕਵੀਸ਼ਰਾਂ ਦੇ ਜਾਵੇ ਭੰਡਿਆ ਸੱਚ ਬਤਲਾਯਾ ਮੈਂ।
ਹੋਵੇ ਲੋੜ ਜਿਸਨੂੰ ਜਿਤਨੇ ਪੁਸਤਕਾਂ ਦੀ ਲਵੇ ਮੁਲ ਖਰੀਦ ਸਮਝਾਯਾ ਮੈਂ।
ਕੀਤੀ ਜਾਊ ਰਿਐਤ ਬਪਾਰੀਆਂ ਨੂੰ ਥੋੜੇ ਨਫੇ ਦਾ ਹੁਕਮ ਕਰਾਯਾ ਮੈਂ।
ਫੌਜੀ ਪੜ੍ਹਨ ਸਿਰਹਦੀਆਂ ਵਿਚ ਬੈਠੇ ਯੂਰਪ ਜੰਗ ਨਿਜਾਰਾਦਿਖਾਯਾਮੈਂ।
ਕਰਨ ਮੂਲ ਬਿਸਾਹੁ ਨਾ ਦੁਸ਼ਮਣਾ ਦਾ ਇਹ ਵੀ ਗੱਜਕੇ ਢੋਲਬਜਾਯਾ ਮੈਂ।
ਖਬਰਦਾਰ ਰਹਿਸਨ ਸਦਾ ਦੁਸ਼ਮਣਾਂਤੋਂ ਜੰਗੀ ਸੱਜਣਾਂਬੋਲ ਫੁਰਮਾਯਾ ਮੈਂ।
ਕਰਦੇ ਨਿਮਕ ਹਲਾਲ ਸਰਕਾਰ ਦਾ ਜੋ ਦਰਜੇਪਾਉਣਗੇਫੌਜੀਓਗਾਯਾ ਮੈਂ।
ਤੂੰ ਕਰ ਭਜਨ ਕਰਤਾਰ ਦਾ ਨੰਦ ਸਿੰਘਾ ਹਥ ਜੋੜਕੇ ਸੀਸ ਝੁਕਾਯਾ ਮੈਂ।

ਦਸਖਤ—ਨੰਦ ਸਿੰਘ ਹੌਲਦਾਰ ਪਿੰਡ ਜੇਠੂ ਕੇ

ਢੰਡੋਰਾ ਆਮ ਵਲੋਂ

## ਕਵੀਸ਼ਰ ਗੁਰਦਿਤ ਸਿੰਘ ਸ਼ਹਿਰ ਲੁਦਿਹਾਣਾ

ਏਹ ਜੋ ਜੰਗ ਯੂਰਪ ਨੰਦ ਸਿੰਘ ਵਾਲਾ ਹੱਕ ਏਸਦਾ ਅਸਾਂ ਦੇ ਪਾਸਭਾਈ।
ਉਪਰ ਪੜ੍ਹੋ ਢੰਡੋਰਾ ਜੋ ਕਵੀ ਵਲੋਂ ਕਰਕੇ ਕੰਨ ਸਾਰੇ ਆਮ ਖਾਸ ਭਾਈ।
ਸਾਡੇ ਦਸਖਤਾਂ ਬਿਨਾ ਜੋ ਹੋਇ ਕਾਪੀ ਸੋਈ ਚੋਰੀਦੀ ਸਮਝਣੀਰਾਸ ਭਾਈ।
ਛਾਪੇ ਹੋਰਨਾ ਏਸਨੂੰ ਕੋਈ ਬੰਦਾ ਕੀਤੀ ਕੁਲ ਦੇ ਪਾਸ ਅਰਦਾਸ ਭਾਈ।
ਜੇਕਰ ਲੋਭ ਕਰਕੇ ਕੋਈ ਛਾਪ ਦੇਵੇ ਜਾਵੇ ਭੰਡਿਆਜਿਵੇਂ ਬਦਮਾਸ਼ ਭਾਈ।

ਚਾਰਾ ਜੋਈ ਕਨੂੰਨ ਦੀ ਕਰੀ ਜਾਵੇ ਮਤਬਾ ਔਰ ਦੁਕਾਨ ਪੁਰਜਾਸਭਾਈ।
ਹੋਵੇ ਲੋੜ ਜਿਸਨੂੰ ਜਿਤਨੇ ਪੁਸਤਕਾਂ ਦੀ ਭੇਜੇ ਅਸਾਂਦੇਪਾਸ ਦਰਖਾਸਭਾਈ।
ਕੀਤੀ ਜਾਵੇ ਰਿਐਤ ਬਪਾਰੀਆਂ ਨੂੰ ਅਤੇ ਫੌਜੀਆਂ ਦੀ ਪੂਰੀ ਆਸ ਭਾਈ।
ਸਾਡੇ ਪਤੇ ਉਪਰ ਚਿੱਠੀ ਪਾਇ ਜੇੜ੍ਹਾ ਮਾਲ ਭੇਜੀਏ ਕਰ ਤਲਾਸ਼ ਭਾਈ।
ਲੁਦੇਹਾਣੇ ਤੋਂ ਮਿਲੇ ਗੁਰਦਿਤ ਸਿੰਘਾ ਜੰਗ ਯੂਰਪ ਸੱਚੇ ਬਿਲਾਸ ਭਾਈ।

## ਜਰੂਰੀ ਇਤਲਾਹ

ਏਸ ਜੰਗ ਯੂਰਪ ਦੇ ਪਾਠਕ ਅਤੇ ਸਰੋਤਿਆਂ ਪਾਸ ਸਨਿੰਮਰ ਬੇਨਤੀ ਹੈ ਕਿ ਇਸ ਪੁਸਤਕ ਦਾ ਹੱਕ ਤਸਨੀਫ ਕਨੂੰਨੀ ਪ੍ਰਬੰਧ ਅਨੁਸਾਰ 'ਕਵੀ ਜੀ' ਪਾਸੋਂ ਹਮੇਸ਼ਾਂ ਵਾਸਤੇ ਲਿਆ ਗਿਆ ਹੈ। ਹੋਰ ਕੋਈ ਸੱਜਣ ਦੁਕਾਨਦਾਰ ਜਾਂ ਛਾਪੇਖਾਨੇ ਵਾਲਾ ਕਿਸੇ ਲਾਲਚ ਦੇ ਅਧੀਨ ਹੋਕੇ ਇਸ ਪੁਸਤਕ ਨੂੰ ਤੋੜ ਫੋੜ ਜਾਂ ਅਗੇ ਪਿਛੇ ਕਰ ਕਰਾਏ ਜਾਂ ਕਿਸੇ ਨਕਲੀ ਕਵੀ ਦਾ ਏਹੋ ਨਾਮ ਧਰ ਧਰਾਕੇ ਕਿਸੇ ਵੀ ਜੁਬਾਨ ਵਿਚ ਛਾਪਣ ਦਾ ਜਤਨ ਨਾ ਕਰੇ। ਜੇ ਕੋਈ ਏਸ ਤੋਂ ਉਲਟ ਕਰੇਗਾ ਤਦ ਓਸ ਮਾਲਕ ਮਤਬਾ ਅਤੇ ਛਪਵਾਉਣ ਵਾਲੇ ਉਪਰ ਕਨੂੰਨੀ ਚਾਰਾ ਜੋਈ ਕੀਤੀ ਜਾਵੇਗੀ।

ਨੋਟ--ਬਪਾਰੀ ਲੋਕਾਂ ਨੂੰ ਖਾਸ ਰਿਐਤ ਕੀਤੀ ਜਾਵੇਗੀ, ਪਹਿਲਾਂ ਕਵੀ ਜੀ ਨੇ ਏਸ ਜੰਗ ਯੂਰਪ ਦੀ ਕੀਮਤ ਫੀ ਕਾਪੀ ॥=) ਦਸ ਆਨੇ ਰੱਖੀ ਸੀ। ਹੁਣ ਅਸੀ ਏਸਦੀ ਬਹੁਤ ਸੁਧਾਈ ਕਰਕੇ ਅਤੇ ਪਹਿਲੇ ਛਾਪੇ ਖਾਨੇ ਦੀਆਂ ਗਲਤੀਆਂ ਸੋਧਕੇ ਵਧੀਆ ਕਾਗਜ, ਚੰਗੀ ਛਪਵਾਈ ਅਤੇ ਟੈਟਲ ਪੇਜ ਸੁੰਦਰ ਸਜਦਾ ਫਬਦਾ ਬਣਾਕੇ ਬਹੁਤ ਮੇਹਨਤ ਅਤੇ ਕਾਫੀ ਮਾਯਾ ਖਰਚ ਕਰਕੇ ਛਾਪ ਦਿਤਾ ਹੈ ਜਿਸਦੀ ਕੀਮਤ ਫੀ ਕਾਪੀ ॥-) ਨੌ ਆਨੇ ਹੈ ਔਰ ਜੋ ਸਜਣ ਫੌਜੀ ੨੫ ਪੰਝੀ ਕਾਪੀਆਂ ਕਠੀਆਂ ਮੰਗਵਾਉਣ ਗੇ ਉਨਾਂ ਪਾਸੋਂ ਫੀ ਕਾਪੀ।≡) ਸੱਤ ਆਨੇ ਦੇ ਹਿਸਾਬ ਲਿਆ ਜਾਵੇਗਾ ਔਰ ਜੋ ਸੱਜਣ ਦਸ ੧੦ ਕਾਪੀਆਂ ਮੰਗਵਾਉਣਗੇ ਉਨਾਂ ਪਾਸੋਂ ਫੀ ਕਾਪੀ ॥) ਅਠ ਆਨੇਂ ਲਿਆ ਜਾਵੇਗਾ।

ਸਾਡਾ ਪਤਾ:-

**ਕਵੀਸ਼ਰ ਗੁਰਦਿਤ ਸਿੰਘ ਰੱਜਨ ਸਿੰਘ**

ਪੁਸਤਕਾਂ ਵਾਲੇ ਘੰਟਾਘਰ ਦੇ ਪਾਸ ਸ਼ਹਿਰ ਲੁਦਿਹਾਣਾ (ਪੰਜਾਬ)

[illegible]

ਗਾ
ਲੱਧ
ਨ ਏ
ਰਨ
ਆਂਖੀ
ਉਬ

ਕੋ
ਹਾਲ
ਕਿਨੇ ਕ
ਪਿਆਮੰਨ
ਐਪਰ ਕਰਾਂ

ਮ
ਆ
ਆਪੇ
ਵਾਹਿਗੁ
ਤੂੰਹੀ ਜੋ
ਚਾਰਖਾਣੀ

ਙ

ੀ ਅ

ਜੰਗ

ਲਮ

ਣਾ ਅ

ਕੀ ਇ

।

ਾ ।

ਗਾ ।

ਲੱਗਾ ।

ਨਲੱਗਾ ।

ਰਨ ਲੱਗਾ ।

# ਪਿੰਗਲ ਪੰਜਾਬੀ ਪ੍ਰਭਾਕਰ

ਰਚਿੱਤ

## ਕਵੀਸ਼ਰ-ਗੁਰਦਿਤ ਸਿੰਘ ਜੀ "ਖੜਗ"

ਉਪਰ ਲਿਖੇ ਨਾਮਦਾ ਪੁਸਤਕ ਪੰਜਾਬੀਦੇ ਪੁਰਾ ਤਨ ਅਤੇ ਨਵੀਨ ਕਵੀਆਂਦੀ ਛੰਦਾਬੰਦੀਨੂੰ ਸੂਰਜ ਵਤ ਪ੍ਰਕਾਸ਼ ਕਰ ਦੇਣ ਵਾਲਾ ਤੇ ਪੰਜਾਬੀ ਕਵੀਆ ਦੀਆਂ ਲੋੜਾਂ ਅਤੇ ਥੋੜਾਂਨੂੰ ਪੂਰਾਕਰਨਵਾਲਾ ਇਕ ਅਦੁਤੀ ਪੁਸਤਕ ਛਪਕੇ ਤਿਆਰ ਹੋਗਿਆਹੈ। ਏਸ ਪੁਸਤਕ ਦੀ ਬਹੁਤਵਡਿਆਈ ਜਾਂ ਉਸਤਤ ਕਰਨ ਦੀ ਲੋੜ ਨਹੀਂ ਕਿਉਂਕਿ 'ਕਹਿਬੇ ਕਉ ਸੋਭਾਨਹੀਂ ਦੇਖਾ ਹੀ ਪਰਵਾਨ' ਦੇ ਪਵਿਤ੍ਰ ਭਾਵ ਅਨੁਸਾਰ ਪਾਠਕ ਅਤੇ ਸਰੋਤੇ ਸਜਣਾਂ ਨੂੰ ਆਪੇਹੀ ਪਤਾ ਲਗ ਜਾਵੇਗਾ॥ ਏਸ ਪਿੰਗਲ ਦੀ ਰਚਿਨਾ ਸਾਦੀ ਅਤੇ ਸੁਰੀਲੀ ਖਾਸ ਕਰਕੇ ਠੇਠ ਪੰਜਾਬੀ ਵਿਚ ਹੈ ਜੋ ਹਰੇਕ ਨੂੰ ਲਾਭਵੰਦ ਹੈ॥ ਕੀਮਤ ਫੀ ਪੁਸਤਕ ੧। ਸਵਾ ਰੁਪਯਾ ਡਾਕ ਖਰਚ ਵਖਰਾ

ਮਿਲਨ ਦਾ ਪਤਾ--

## ਕਵੀਸ਼ਰ-ਗੁਰਦਿਤ ਸਿੰਘ ਗੱਜਨ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵਾਲੇ ਘੰਟਾਘਰ ਦੇ ਪਾਸ ਸ਼ਹਿਰ ਲੁਧਿਆਣਾ